ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

Email : lokbani08@gmail.com ਵੀਰਵਾਰ, 10 ਅਗਸਤ 2023 ਮੁੱਖ ਸੰਪਾਦਕ - ਅਮਨ ਮਹਿਰਾ (ਜਲੰਧਰ)

R.N.I. Punpun/29016/2008 ✲ ਸਾਲ : 15 ✲ ਅੰਕ : 154 ✲ ਮੁੱਲ : 5.00 ਰੁਪਏ ✲ ਕੁੱਲ ਪੇਜ : 10 ✲ ਫੈਕਸ : 0181-2211009 ✲ M. 99155-94111







JSDC GROUP ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ ® 82880 21797 82880 21798

178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ

ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018 WWW.JSDCGROUP.COM

ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਊਂਟਸ ਨੂੰ ਫਾਲੋ ਕਰੋ

JSDC GROUP - INDIA

## ਰਾਹੁਲ ਨੇ ਸੰਸਦ ’ਚ ਕੀਤੀ ‘Flying Kiss’

# ਸਮ੍ਰਿਤੀ ਈਰਾਨੀ ਸਣੇ ਕਈ ਮਹਿਲਾ ਮੈਂਬਰਾਂ ਨੇ ਸਪੀਕਰ ਨੂੰ ਕੀਤੀ ਸ਼ਿਕਾਇਤ

• **ਨਵੀਂ ਦਿੱਲੀ**

ਕਾਂਗਰਸ ਨੇਤਾ ਰਾਹੁਲ ਗਾਂਧੀ ਫਿਰ ਵਿਵਾਦਾਂ ’ਚ ਆ ਗਏ ਹਨ। ਬੁੱਧਵਾਰ ਨੂੰ ਉਨ੍ਹਾਂ ਨੇ ਅਵਿਸ਼ਵਾਸ ਪ੍ਰਸਤਾਵ ’ਤੇ ਚਰਚਾ ਦੌਰਾਨ ਸੰਸਦ ’ਚ ਭਾਜਪਾ ਸੰਸਦ ਮੈਂਬਰਾਂ ਨੂੰ ’ਫਲਾਇੰਗ ਕਿੱਸ’ ਕੀਤੀ। ਰਾਹੁਲ ਦੀ ਇਸ ਹਰਕਤ ’ਤੇ ਕਈ ਮਹਿਲਾ ਸੰਸਦ ਮੈਂਬਰਾਂ ਵੱਲੋਂ ਲੋਕ ਸਭਾ ਸਪੀਕਰ ਨੂੰ ਸ਼ਿਕਾਇਤ ਕੀਤੀ ਗਈ ਹੈ। ਉਥੇ ਹੀ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਨੇ ਇਸਨੂੰ ਅਸ਼ਲੀਲ ਹਰਕਤ ਦੱਸਿਆ ਹੈ। ਦੱਸ ਦੇਈਏ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਸੰਸਦ ਮੈਂਬਰ ਦੇ ਰੂਪ ’ਚ ਬਹਾਲ ਹੋਣ ਤੋਂ ਬਾਅਦ ਪਹਿਲੀ ਵਾਰ ਪਾਰਲੀਮੈਂਟ ’ਚ ਆਪਣਾ ਭਾਸ਼ਣ ਦਿੱਤਾ। ਰਾਹੁਲ ਜਦੋਂ ਭਾਸ਼ਣ ਖ਼ਤਮ ਹੋਣ ਤੋਂ ਬਾਅਦ ਬਾਹਰ ਜਾ ਰਹੇ ਸਨ ਤਾਂ ਇਕ ਅਜਿਹਾ ਵਾਕਿਆ ਹੋਇਆ, ਜਿਸ ’ਤੇ ਮਹਿਲਾ ਸੰਸਦ ਮੈਂਬਰਾਂ ਨੇ ਇਤਰਾਜ਼ ਜਤਾਇਆ ਹੈ। ਉਸ ਸਮੇਂ ਕੇਂਦਰੀ ਮੰਤਰੀ ਸਮ੍ਰਿਤੀ ਈਰਾਨੀ ਦਾ ਭਾਸ਼ਣ ਚੱਲ ਰਿਹਾ ਸੀ। ਹਾਲਾਂਕਿ, ਰਾਹੁਲ ਦੇ ਰਿਐਕਸ਼ਨ ਦਾ ਉਹ ਪਲ ਕੈਮਰੇ ’ਚ ਕੈਦ ਨਹੀਂ ਹੋਇਆ।



***ਫਲਾਇੰਗ ਕਿਸ ਕੀਤੀ ਅਤੇ ਬਾਹਰ ਨਿਕਲ ਗਏ ਰਾਹੁਲ’***

ਇਸ ਪਲ ਦੇ ਗਵਾਹ ਰਹੇ ਲੋਕਾਂ ਮੁਤਾਬਕ, ਜਦੋਂ ਰਾਹੁਲ ਗਾਂਧੀ ਆਪਣੇ ਅਵਿਸ਼ਵਾਸ ਪ੍ਰਸਤਾਵ ਭਾਸ਼ਣ ਤੋਂ ਬਾਅਦ ਲੋਕ ਸਭਾ ਕੰਪਲੈਕਸ ਤੋਂ ਬਾਹਰ ਨਿਕਲ ਰਹੇ ਸਨ ਤਾਂ ਉਨ੍ਹਾਂ ਦੀਆਂ ਕੁਝ ਫਾਈਲਾਂ ਡਿੱਗ ਗਈਆਂ ਸਨ। ਜਿਵੇਂ ਹੀ ਉਹ ਫਾਈਲਾਂ ਚੁੱਕਣ ਲਈ ਝੁਕੇ ਤਾਂ ਕੁਝ ਭਾਜਪਾ ਸੰਸਦ ਮੈਂਬਰ ਉਨ੍ਹਾਂ ’ਤੇ ਹੱਸਣ ਲੱਗੇ। ਇਸ ’ਤੇ ਰਾਹੁਲ ਗਾਂਧੀ ਨੇ ਭਾਜਪਾ ਸੰਸਦ ਮੈਂਬਰਾਂ ਵੱਲ ’ਫਲਾਇੰਗ ਕਿੱਸ’ ਕੀਤੀ ਅਤੇ ਹੱਸਦੇ ਹੋਏ ਬਾਹਰ ਚਲੇ ਗਏ।

## ਜਲੰਧਰ ’ਚ ਨੈਸ਼ਨਲ ਹਾਈਵੇ ’ਤੇ ਵਾਪਰਿਆ ਵੱਡਾ ਹਾਦਸਾ, ਫਲਾਈਓਵਰ ਤੋਂ ਹੇਠਾਂ ਡਿੱਗੀ ਵੋਲਵੋ ਬੱਸ



• **ਜਲੰਧਰ**

ਜਲੰਧਰ ਦੇ ਰਾਮਾ ਮੰਡੀ ਹਾਈਵੇ ’ਤੇ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ ਜਦੋਂ ਇਕ ਵੋਲਵੋ ਬਸ ਬੇਕਾਬੂ ਹੁੰਦੀ ਹੋਈ ਪੁਲ? ਤੋਂ ਹੇਠਾਂ ਆ ਡਿੱਗੀ। ਇਹ ਬੱਸ ਦਿੱਲੀ ਏਅਰ ਪੋਰਟ ਤੋਂ ਸਵਾਰੀਆਂ ਲੈ ਕੇ ਵਾਪਸ ਆ ਰਹੀ ਸੀ। ਸਵਾਰੀਆਂ ਨਾਲ ਭਰੀ ਇਹ ਬੱਸ ਫਲਾਈਓਵਰ ’ਤੇ ਚੜ੍ਹਦੇ ਸਮੇਂ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਦੌਰਾਨ ਯਾਤਰੀਆਂ ਵਿਚ ਚੀਕ-ਚਿਹਾੜਾ ਮਚ ਗਿਆ। ਇਥੇ ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਵਿਚ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਕੁਝ ਸਵਾਰੀਆਂ ਦੇ ਮਾਮੂਲੀ ਸੱਟਾਂ ਲੱਗੀਆਂ ਹਨ। ਹਾਦਸੇ ਦੌਰਾਨ ਬੱਸ ਬੁਰੀ ਤਰ੍ਹਾਂ ਨੁਕਸਾਨੀ ਗਈ। ਬੱਸ ਫਲਾਈਓਵਰ ਦੇ ਹੇਠਾਂ ਇਕ ਕਾਰ ’ਤੇ ਆ ਡਿੱਗੀ, ਜਿਸ ਕਾਰਣ ਕਾਰ ਵੀ ਬੁਰੀ ਤਰ੍ਹਾਂ ਨੁਕਸਾਨ ਗਈ, ਜਦਕਿ ਕਾਰ ਸਵਾਰ ਦਾ ਵਾਲ-ਵਾਲ ਬਚਾਅ ਹੋ ਗਿਆ ।ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਇਕ ਵਿਅਕਤੀ ਅਮਰੀਕ ਨੇ ਦੱਸਿਆ ਕਿ ਉਹ ਦਿੱਲੀ ਤੋਂ ਆਇਆ ਸੀ ਅਤੇ ਕਾਲਾ ਸਿੰਘਾ ਵੱਲ ਜਾ ਰਿਹਾ ਸੀ। ਇਸ ਦੌਰਾਨ ਫਲਾਈਓਵਰ ’ਤੇ ਚੜ੍ਹਦੇ ਸਮੇਂ ਬੱਸ ਪਲਟ ਗਈ। ਇਸ ਦੌਰਾਨ ਬੱਸ ਵਿੱਚ 35 ਸਵਾਰੀਆਂ ਮੌਜੂਦ ਸਨ। ਦੂਜੇ ਪਾਸੇ ਬੱਸ ਡਰਾਈਵਰ ਦਾ ਕਹਿਣਾ ਹੈ ਕਿ ਬੱਸ ਵਿਚ 12 ਸਵਾਰੀਆਂ ਮੌਜੂਦ ਸਨ। ਇਥੇ ਰਾਹਤ ਵਾਲੀ ਗੱਲ ਹੈ ਕਿ ਯਾਤਰੀਆਂ ਨੂੰ ਕੋਈ ਨੁਕਸਾਨ ਨਹੀਂ ਹੋਇਆ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਮੌਕੇ ’ਤੇ ਪਹੁੰਚ ਗਈ। ਇਸ ਦੇ ਨਾਲ ਹੀ ਇਸ ਹਾਦਸੇ ਦੌਰਾਨ ਬੱਸ ਨੇ ਇਕ ਕਾਰ ਨੂੰ ਟੱਕਰ ਮਾਰ ਦਿੱਤੀ। ਘਟਨਾ ਵਿੱਚ ਕਾਰ ਵੀ ਬੁਰੀ ਤਰ੍ਹਾਂ ਨੁਕਸਾਨੀ ਗਈ।

## ਪੰਜਾਬ ਵਿੱਚ ਵੱਖ-ਵੱਖ ਜਥੇਬੰਦੀਆਂ ਨੇ ਕਰਵਾਇਆ ਬੰਦ

• **ਜੈਤੋ**




ਅੱਜ ਸਮੂਹ ਐਸ.ਸੀ, ਐਸ.ਟੀ., ਓ.ਬੀ.ਸੀ ਅਤੇ ਮਸੀਹ ਭਾਈਚਾਰੇ ਦਾ ਭਰਵਾਂ ਇਕੱਠ ਹੋਇਆ ਅਤੇ ਉਨ੍ਹ?ਹਾਂ ਵਲੋਂ ਕੇਂਦਰ ਤੇ ਮਨੀਪੁਰ ਦੀਆਂ ਸਰਕਾਰਾਂ ਦੇ ਵਿਰੁੱਧ ਸਥਾਨਕ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿਚ ਰੋਸ ਮਾਰਚ ਕੀਤਾ ਗਿਆ ਅਤੇ ਸਰਕਾਰਾਂ ਦੇ ਖ਼ਿਲਾਫ਼ ਸਖ਼ਤ ਨਾਅਰੇਬਾਜ਼ੀ ਕਰਦਿਆਂ ਮਨੀਪੁਰ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸਰਕਾਰਾਂ ’ਤੇ ਵਰ੍ਹ?ਹਦਿਆ ਕਿਹਾ ਕਿ ਮਨੀਪੁਰ ਦੀਆਂ ਘਟਨਾਵਾਂ ਨੂੰ ਕੇਂਦਰ ਦੀ ਮੋਦੀ ਸਰਕਾਰ ਤੇ ਮੁਖ ਮੰਤਰੀ ਬੀਰੇਨ ਸਿੰਘ ਦਬਾਉਣ ਵਿਚ ਲੱਗੇ ਹੋਏ ਸਨ, ਜਦ ਕਿ ਪਿਛਲੇ ਕਈ ਮਹੀਨਿਆਂ ਤੋਂ ਹਜੂਮ ਨੇ ਮਨੀਪੁਰ ਦੇ ਪਿੰਡ ’ਤੇ ਹੱਲਾ ਬੋਲਦਿਆਂ ਘਰਾਂ ਵਿਚ ਲੁੱਟ-ਖੋਹ ਕੀਤੀ, ਅੱਗ ਲਾਈ, ਲੋਕਾਂ ਦੀ ਹੱਤਿਆ ਕੀਤੀ ਤੇ ਔਰਤਾਂ ਨਾਲ ਜਬਰ-ਜਨਾਹ ਕੀਤਾ, ਜਦ ਕਿ ਸਰਕਾਰ ਉਕਤ ਘਟਨਾ ਨੂੰ ਗੰਭੀਰਤਾਂ ਨਾਲ ਲੈਣ ਦੀ ਬਜਾਏ ਮੂਕ ਦਰਸ਼ਕ ਬਣ ਕੇ ਦੇਖਦੀ ਰਹੀ। ਉਨ੍ਹ?ਹਾਂ ਕਿਹਾ ਕਿ ਉਕਤ ਘਟਨਾ ਦੇ ਸਾਹਮਣੇ ਆਉਣ ’ਤੇ ਸਰਕਾਰ ਵਲੋਂ ਕੋਈ ਵੀ ਠੋਸ ਕਦਮ ਨਹੀਂ ਚੁੱਕਿਆ ਗਿਆ ਇਸ ਕਰਕੇ ਮੀਨਪੁਰ ਦੀ ਸਰਕਾਰ ਨੂੰ ਤੁਰੰਤ ਬਰਖ਼ਾਸਤ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰਨਾ ਚਾਹੀਦਾ ਹੈ। ਜਥੇਬੰਦੀਆਂ ਵਲੋਂ ਸ਼ਹਿਰ ਦੇ ਅੰਦਰ ਰੋਸ ਮਾਰਚ ਕਰਦਿਆਂ ਐਸ.ਡੀ.ਐਮ ਦਫ਼ਤਰ ਵਿਖੇ ਪਹੁੰਚ ਕੇ ਇਕ ਮੰਗ ਪੱਤਰ ਦੇਸ਼ ਦੇ ਰਾਸ਼ਟਰਪਤੀ ਦੇ ਨਾਮ ’ਤੇ ਸੌਂਪਿਆ ਗਿਆ।

## 4 ਦੀ ਹੋਈ ਮੌਤ ਸ਼ਿਮਲਾ ਵਿਚ ਟਰੱਕਾਂ ਦੀ ਲਪੇਟ ’ਚ ਆਉਣ ਨਾਲ

• **ਸ਼ਿਮਲਾ**

ਸ਼ਿਮਲਾ ਜ਼ਿਲ੍ਹੇ ਵਿੱਚ ਦੋ ਵੱਖ-ਵੱਖ ਸੜਕ ਹਾਦਸਿਆਂ ਵਿੱਚ ਸੇਬਾਂ ਨਾਲ ਭਰੇ ਟਰੱਕਾਂ ਦੀ ਲਪੇਟ ਵਿੱਚ ਆਉਣ ਨਾਲ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਸ਼ਿਮਲਾ ਜ਼ਿਲ੍ਹੇ ਦੇ ਛੈਲਾ ਇਲਾਕੇ ‘ਚ ਸੇਬਾਂ ਨਾਲ ਭਰੇ ਟਰੱਕ ਦੀ ਲਪੇਟ ‘ਚ ਆਉਣ ਨਾਲ ਦੋ ਵਿਅਕਤੀ ਮਾਰੇ ਗਏ। ਦੱਸਿਆ ਜਾ ਰਿਹਾ ਹੈ ਕਿ ਗਲਤੀ ਨਾਲ ਟਰੱਕ ਸਾਂਝ-ਰਾਜਗੜ੍ਹ ਰੋਡ ਦੀ ਬਜਾਏ ਛੈਲਾ ਬਾਜ਼ਾਰ ਵੱਲ ਮੋੜ ਲੈ ਕੇ ਬੇਕਾਬੂ ਹੋ ਗਿਆ। ਇਹ ਚਾਰ ਵਾਹਨਾਂ ਨਾਲ ਟਕਰਾਉਣ ਤੋਂ ਬਾਅਦ ਪਲਟ ਗਿਆ ਅਤੇ ਇਕ ਔਰਤ ਸਮੇਤ ਦੋ ਜਣੇ ਇਸ ਦੀ ਲਪੇਟ ਵਿਚ ਆ ਗਏ। ਇਸੇ ਦੌਰਾਨ ਸ਼ਿਮਲਾ ਕਸਬੇ ਦੇ ਬਾਹਰਵਾਰ ਢੱਲੀ ਨੇੜੇ ਥੀਓਗ ਤੋਂ ਸੇਬ ਲੈ ਕੇ ਆ ਰਹੇ ਇਕ ਹੋਰ ਟਰੱਕ ਦੇ ਡਰਾਈਵਰ ਦਾ ਵਾਹਨ ‘ਤੇ ਕੰਟਰੋਲ ਗਵਾ ਬੈਠਾ ਅਤੇ ਟਰੱਕ ਇਕ ਹੋਰ ਪਿਕਅੱਪ ਟਰੱਕ ’ਤੇ ਡਿੱਗ ਗਿਆ, ਜਿਸ ਕਾਰਨ ਦੋ ਮੌਤਾਂ ਹੋ ਗਈਆਂ।



## ਛੋਟੀਆਂ ਗੱਡੀਆਂ ਲਈ ਖੋਲ੍ਹਿਆ ਗਿਆ ਸ਼ਿਮਲਾ ਚੰਡੀਗੜ੍ਹ ਕੌਮੀ ਮਾਰਗ



• **ਚੰਡੀਗੜ੍ਹ/ਵਿਨੋਦ ਸ਼ਰਮਾ**

ਸ਼ਿਮਲਾ-ਚੰਡੀਗੜ੍ਹ ਨੈਸ਼ਨਲ ਨੂੰ ਅੱਜ ਬਾਅਦ ਦੁਪਹਿਰ ਬੱਸਾਂ ਲਈ ਖੋਲ੍ਹ ਦਿੱਤਾ ਗਿਆ। ਇਸ ਨਾਲ ਬੱਸ ਯਾਤਰੀਆਂ ਨੂੰ ਰਾਹਤ ਮਿਲੀ ਹੈ ਕਿਉਂਕਿ ਉਨ੍ਹਾਂ ਨੂੰ ਨਾਹਨ ਤੋਂ ਲੰਬੇ ਰੂਟ ਰਾਹੀਂ ਜਾਣਾ ਪੈ ਰਿਹਾ ਸੀ। ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦੇ ਪ੍ਰੋਜੈਕਟ ਡਾਇਰੈਕਟਰ ਆਨੰਦ ਢਾਈਆ ਨੇ ਪੁਸ਼ਟੀ ਕੀਤੀ ਕਿ ਹਾਈਵੇਅ ਨੂੰ ਅੱਜ ਦੁਪਹਿਰ ਬਾਅਦ ਯਾਤਰੀ ਬੱਸਾਂ ਲਈ ਖੋਲ੍ਹ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਇਹ ਫੈਸਲਾ ਲੈਣ ਤੋਂ ਪਹਿਲਾਂ ਚੱਕੀ ਮੋੜ ਵਿਖੇ ਪਹਾੜੀ ਨੂੰ ਕੱਟ ਕੇ ਬਣਾਈ 5 ਮੀਟਰ ਅਸਥਾਈ ਸੜਕ ਦੀ ਸਥਿਰਤਾ ਦੀ ਜਾਂਚ ਕੀਤੀ। ਸੜਕ ‘ਤੇ ਟਰੱਕਾਂ ਵਰਗੇ ਭਾਰੀ ਵਾਹਨਾਂ ਦੀ ਆਵਾਜਾਈ ‘ਤੇ ਹਾਲੇ ਵੀ ਪਾਬੰਦੀ ਹੈ।

## ਬਰਤਾਨੀਆ ਪਹੁੰਚੇ ਥਲ ਸੈਨਾ ਦੇ ਮੁੱਖੀ



• **ਨਵੀਂ ਦਿੱਲੀ/ਕਪੂਰ**

ਥਲ ਸੈਨਾ ਮੁਖੀ ਜਨਰਲ ਮਨੋਜ ਪਾਂਡੇ ਅੱਜ ਪੰਜ ਦਿਨਾਂ ਦੌਰੇ ’ਤੇ ਬਰਤਾਨੀਆ ਲਈ ਰਵਾਨਾ ਹੋ ਗਏ, ਜਿਸ ਦੌਰਾਨ ਉਹ ਵੱਕਾਰੀ ਫ਼ੌਜੀ ਸਮਾਗਮ ਵਿੱਚ ਸ਼ਿਰਕਤ ਕਰਨਗੇ ਅਤੇ ਦੁਵੱਲੇ ਰਣਨੀਤਕ ਮੁੱਦਿਆਂ ’ਤੇ ਬਰਤਾਨਵੀ ਰੱਖਿਆ ਅਧਿਕਾਰੀਆਂ ਨਾਲ ਗੱਲਬਾਤ ਕਰਨਗੇ।

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

# ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦਾ ਜਥਾ ਭਾਰਤ ਛੱਡੋ ਅੰਦੋਲਨ ਦੇ ਇਤਿਹਾਸਕ ਦਿਨ ਖਟਕੜ ਕਲਾਂ ਤੋਂ ਹੋਇਆ ਰਵਾਨਾ




■ ਸ਼ਹੀਦਾਂ ਦੀਆਂ ਯਾਦਗਾਰਾਂ ਤੋਂ ਰਵਾਨਾ ਹੋਏ ਫੈਡਰੇਸ਼ਨ ਦੇ ਚਾਰ ਜਥੇ 12 ਅਗਸਤ ਤੱਕ ਸ਼ਹਿਰਾਂ ਵਿੱਚ ਮਾਰਚ ਕਰਨਗੇ

■ ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਹੱਲ ਨਾ ਕਰਨ ਦੀ ਵਾਅਦਾ ਖਿਲਾਫੀ ਵਿਰੁੱਧ ਕੀਤਾ ਜਾਵੇਗਾ ਤਿੱਖਾ ਸੰਘਰਸ਼ : ਬਾਸੀ

**• ਸਹੀਦ ਭਗਤ ਸਿੰਘ ਨਗਰ**

ਕੁਲ ਹਿੰਦ ਰਾਜ ਸਰਕਾਰੀ ਮੁਲਾਜ਼ਮ ਫੈਡਰੇਸ਼ਨ ਅਤੇ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਅਤੇ ਕਾਮਿਆਂ ਦੀ ਕਨਫੈਡਰੇਸ਼ਨ ਦੇ ਸਾਂਝੇ ਸੱਦੇ ਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਭਾਰਤ ਛੱਡੋ ਅੰਦੋਲਨ ਦੇ ਇਤਿਹਾਸਕ ਦਿਨ ਅੱਜ ਤੋਂ ਜਲਿਆਂਵਾਲਾ ਬਾਗ਼, ਖਟਕੜ ਕਲਾਂ, ਹੁਸੈਨੀਵਾਲਾ ਅਤੇ ਚੱਪੜਚਿੜੀ ਤੋਂ ਸ਼ਹੀਦਾਂ ਦੀਆਂ ਯਾਦਗਾਰਾਂ ਤੋਂ ਆਪਣੀਆਂ ਮੰਗਾਂ ਦਾ ਪ੍ਰਚਾਰ ਕਰਨ ਲਈ ਚਾਰ ਜਥੇ ਰਵਾਨਾ ਹੋਏ। ਅੱਜ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੀ ਯਾਦਗਾਰ ਖਟਕੜ ਕਲਾਂ ਤੋਂ ਰਵਾਨਾ ਹੋਏ ਜਥੇ ਦੀ ਅਗਵਾਈ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਫੈਡਰੇਸ਼ਨ ਦੇ ਸੂਬਾ ਮੀਤ ਪ੍ਰਧਾਨ ਅਤੇ ਪੀ ਡਬਲਿਊ ਡੀ ਫੀਲਡ ਐਂਡ ਵਰਕਸ਼ਾਪ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਮੱਖਣ ਸਿੰਘ ਵਾਹਿਦਪੁਰੀ, ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ ਨੇ ਕੀਤੀ। ਸ਼ਹੀਦ ਏ ਆਜ਼ਮ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਸਮੇਂ ਮੁਲਾਜ਼ਮਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨਾਲ ਉਨ੍ਹਾਂ ਦੇ ਮਸਲੇ ਹੱਲ ਕਰਨ ਦਾ ਵਾਅਦਾ ਕੀਤਾ ਸੀ, ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਧਿਆਪਕਾਂ ਅਤੇ ਮੁਲਾਜ਼ਮਾਂ ਨੂੰ ਪੱਕੇ ਕਰਨ ਦੇ ਵਾਰ-ਵਾਰ ਬੋਰਡ ਲਾਉਣ ਅਤੇ ਪ੍ਰਚਾਰ ਕਰਨ ਤੇ ਕਰੋੜਾਂ ਰੁਪਏ ਖਰਚ ਕੀਤੇ ਗਏ ਹਨ। ਪਰ ਅਧਿਆਪਕਾਂ ਅਤੇ ਮੁਲਾਜ਼ਮਾਂ ਨੂੰ ਪੱਕੇ ਨਹੀਂ ਕੀਤਾ ਗਿਆ। ਸਗੋਂ ਪੱਕੇ ਕਰਨ ਦੇ ਨਾਂ ਤੇ ਮੁਲਾਜ਼ਮ ਵਿਰੋਧੀ ਨਵੀਂ ਪਿਰਤ ਪਾਈ ਗਈ ਹੈ। ਜਿਸ ਨਾਲ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਪ੍ਰਭਾਵਿਤ ਹੋਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ ਸ ਸ ਫ ਦੇ ਸੂਬਾ ਕਮੇਟੀ ਮੈਂਬਰ ਮੋਹਣ ਸਿੰਘ ਪੂੰਨੀਆ ਅਤੇ ਜ਼ਿਲ੍ਹਾ ਜਨਰਲ ਸਕੱਤਰ ਗੁਰਦੀਸ਼ ਸਿੰਘ ਨੇ ਦੱਸਿਆ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜੱਥਿਆਂ ਦੀਆਂ ਮੁੱਖ ਮੰਗਾਂ ਵਿੱਚ ਸਮੁੱਚੇ ਸਰਕਾਰੀ / ਅਰਧ ਸਰਕਾਰੀ ਅਦਾਰਿਆਂ ਦੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਬਹਾਲ ਕਰਨ, ਹਰ ਤਰ੍ਹਾਂ ਦੇ ਕੱਚੇ, ਮਾਣ-ਭੱਤਾ ਅਤੇ ਇਨਸੈਂਟਿਵ ਮੁਲਾਜ਼ਮ ਪੱਕੇ ਕਰਨ, ਸਾਰੀਆਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਤੁਰੰਤ ਭਰਨ, ਛੇਵੇਂ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ ਅਤੇ ਰਹਿੰਦੀ ਰਿਪੋਰਟ ਜਾਰੀ ਕਰਨ, ਪੈਨਸ਼ਨਰਾਂ ਤੇ 2.59 ਗੁਣਾਂਕ ਲਾਗੂ ਕਰਨ, ਤਨਖਾਹ ਦੁਹਰਾਈ ਦੇ ਬਕਾਏ ਯਕਮੁਸ਼ਤ ਜਾਰੀ ਕਰਨ, ਮੁਲਾਜ਼ਮਾਂ ਦੇ ਬੰਦ ਕੀਤੇ ਭੱਤੇ ਸੋਧ ਕੇ ਬਹਾਲ ਕਰਨ, ਪਰਖ ਸਮੇਂ ਦੌਰਾਨ ਭੱਤਿਆਂ ਸਮੇਤ ਪੂਰੀ ਤਨਖਾਹ ਦੀ ਵਿਵਸਥਾ ਬਹਾਲ ਕਰਨ, ਤਰਸ ਦੇ ਆਧਾਰ ਤੇ ਨੌਕਰੀ ਦੇਣ ਸਮੇਂ ਪਾਬੰਦੀਆਂ ਖਤਮ ਕਰਨ, ਜਨਤਕ ਖੇਤਰ ਦੇ ਅਦਾਰਿਆਂ ਦਾ ਨਿਜੀਕਰਨ ਅਤੇ ਨਿਗਮੀਕਰਨ ਬੰਦ ਕਰਨ, ਰਾਸ਼ਟਰੀ ਸਿੱਖਿਆ ਨੀਤੀ 2020 ਰੱਦ ਕਰਨ, ਹਰ ਪੰਜ ਸਾਲ ਬਾਅਦ ਤਨਖਾਹ ਦੁਹਰਾਈ ਕਰਨ, ਜਮਹੂਰੀ ਟਰੇਡ ਯੂਨੀਅਨ ਅਧਿਕਾਰ ਯਕੀਨੀ ਬਣਾਉਣ ਆਦਿ ਮੰਗਾਂ ਸ਼ਾਮਲ ਹਨ। ਮੁਲਾਜ਼ਮਾਂ ਦੀਆਂ ਮੰਗਾਂ ਦਾ ਨਾਅਰਿਆਂ ਰਾਹੀਂ ਪ੍ਰਚਾਰ ਕਰਦਾ ਹੋਇਆ ਜਥਾ ਨਵਾਂ ਸ਼ਹਿਰ ਤੋਂ ਹੁੰਦਾ ਹੋਇਆ ਰਾਹੋਂ ਬੱਸ ਸਟੈਂਡ ਤੇ ਪਹੁੰਚਿਆ।

# ਮਨੀਪੁਰ ਘਟਨਾ ਦੇ ਵਿਰੋਧ ਵਿੱਚ ਗੁਰਦਾਸਪੁਰ ਰਿਹਾ ਪੂਰੀ ਤਰ੍ਹਾਂ ਬੰਦ






**• ਗੁਰਦਾਸਪੁਰ-ਨਵਨੀਤ ਕੁਮਾਰ**

ਪਿਛਲੇ ਦਿਨੀ ਮਨੀਪੁਰ ਵਿੱਚ ਵਾਪਰੀ ਮੰਦਭਾਗੀ ਘਟਨਾ ਦੇ ਵਿਰੋਧ ਵਿੱਚ ਈਸਾਈ ਭਾਈਚਾਰੇ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਤਹਿਤ ਗੁਰਦਾਸਪੁਰ ਮੁਕੰਮਲ ਤੌਰ 'ਤੇ ਬੰਦ ਰਿਹਾ। ਹਾਲਾਂਕਿ ਮੈਡੀਕਲ ਸਟੋਰ ਆਮ ਵਾਂਗ ਖੁੱਲ੍ਹੇ ਰਹੇ। ਇਸ ਦੌਰਾਨ ਮਸੀਹ ਭਾਈਚਾਰੇ ਨੇ ਅਰਥੀ ਫੂਕ ਮਾਰਚ ਕੱਢਿਆ ਅਤੇ ਖੁੱਲ੍ਹੀਆਂ ਦੁਕਾਨਾਂ ਬੰਦ ਕਰਵਾ ਕੇ ਕੇਂਦਰ ਦੀ ਭਾਜਪਾ ਸਰਕਾਰ ਖ਼?ਲਾਫ਼ ਨਾਅਰੇਬਾਜ਼ੀ ਕੀਤੀ। ਇਸ ਮੌਕੇ ਈਸਾਈ ਭਾਈਚਾਰੇ ਦੇ ਆਗੂਆਂ ਨੇ ਕਿਹਾ ਕਿ ਮਨੀਪੁਰ ਵਿੱਚ ਪਿਛਲੇ ਤਿੰਨ ਮਹੀਨਿਆਂ ਤੋਂ ਹਾਲਾਤ ਵਿਗੜ ਚੁੱਕੇ ਹਨ। ਔਰਤਾਂ 'ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਲਗਾਤਾਰ 300 ਤੋਂ ਵੱਧ ਚਰਚਾਂ ਨੂੰ ਅੱਗ ਲਾ ਦਿੱਤੀ ਗਈ ਹੈ ਅਤੇ ਭੰਨਤੋੜ ਵੀ ਕੀਤੀ ਜਾ ਰਹੀ ਹੈ। ਇਸ ਘਟਨਾ ਨਾਲ ਈਸਾਈ ਭਾਈਚਾਰੇ ਦੇ ਕਈ ਲੋਕ ਬੇਘਰ ਹੋ ਗਏ ਹਨ। ਪਰ ਇਸ ਦੇ ਬਾਵਜੂਦ ਮੋਦੀ ਸਰਕਾਰ ਨੇ ਚੁੱਪ ਧਾਰੀ ਰੱਖੀ ਹੈ। ਸੁਰੱਖਿਆ ਦੇ ਸਖ਼ਤ ਪ੍ਰਬੰਧ ਇਸਾਈ ਭਾਈਚਾਰੇ ਵੱਲੋਂ ਦਿੱਤੇ ਬੰਦ ਦੇ ਸੱਦੇ ਕਾਰਨ ਸਮੂਹ ਦੁਕਾਨਦਾਰਾਂ ਨੇ ਇਸ ਦਾ ਸਮਰਥਨ ਕੀਤਾ ਅਤੇ ਆਪਣੀਆਂ ਦੁਕਾਨਾਂ ਬੰਦ ਰੱਖੀਆਂ। ਦੂਜੇ ਪਾਸੇ ਪੁਲਿਸ ਵੱਲੋਂ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ। ਸ਼ਹਿਰ ਦੇ ਕੋਨੇ-ਕੋਨੇ 'ਤੇ ਪੁਲਿਸ ਮੁਲਾਜ਼ਮ ਤਾਇਨਾਤ ਸਨ। ਸ਼ਹਿਰ ਵਿੱਚ ਕਿਸੇ ਕਿਸਮ ਦੀ ਕੋਈ ਘਟਨਾ ਨਾ ਵਾਪਰੇ ਇਸ ਲਈ ਪੁਲਿਸ ਵੱਲੋਂ ਤਿੱਖੀ ਨਜ਼ਰ ਰੱਖੀ ਜਾ ਰਹੀ ਸੀ।

# ਸ਼ੀ ਕ੍ਰਿਸ਼ਣ ਜਨਮਾਸ਼ਟਮੀ ਸਮਰਪਿਤ ਸ਼ੋਭਾ ਯਾਤਰਾ 4 ਸਤਬੰਰ ਨੂੰ



■ 6 ਸਤੰਬਰ ਨੂੰ ਮਨਾਈ ਜਾਵੇਗੀ ਸ਼ਹਿਰ 'ਚ ਸ਼ੀ ਕ੍ਰਿਸ਼ਨ ਜਨਮ ਅਸ਼ਟਮੀ

**• ਸਹੀਦ ਭਗਤ ਸਿੰਘ ਨਗਰ**

ਧਾਰਮਿਕ ਉਤਸਵ ਕਮੇਟੀ ਵਲੋ 6 ਸਤੰਬਰ ਬੁਧਵਾਰ ਨੂੰ ਪੂਰੇ ਜਿਲ੍ਹੇ 'ਚ ਮਨਾਈ ਜਾਉਣ ਵਾਲੀ ਸ਼?ਰੀ ਕ੍ਰਿਸ਼ਣ ਜਨਮ ਅਸ਼ਟਮੀ ਨੂੰ ਸਮਰਪਿਤ ਇਸ ਵਾਰ 4 ਸਤੰਬਰ ਸੋਮਵਾਰ ਨੂੰ ਸਵੇਰੇ 10 ਵਜੇ ਪੁਰਾਣੀ ਦਾਨਾ ਮੰਡੀ ਤੋਂ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਜਾ ਰਹੀ ਹੈ । ਸ਼ੋਭਾ ਯਾਤਰਾ ਦੇ ਸਬੰਧ 'ਚ ਰਾਹੋ ਰੋਡ 'ਤੇ ਸੱਥਿਤ ਸ਼ਿਵ ਮੰਦਿਰ ਨਹਿਰੂ ਗੇਟ 'ਚ ਕਮੇਟੀ ਪ੍ਰਧਾਨ ਜੁਗਲ ਕਿਸ਼ੋਰ ਦੱਤਾ ਦੀ ਦੇਖਰੇਖ 'ਚ ਇੱਕ ਮੀਟਿੰਗ ਹੋਈ । ਜਿਸ 'ਚ ਸ਼ਹਿਰ ਦੇ ਸਾਰੇ ਮੰਦਰਾਂ ਅਤੇ ਧਾਰਮਿਕ ਕੰਮਾ ਨਾਲ ਜੁੜੇ ਭਗਤਜਨ ਮੌਜੂਦ ਹੋਏ। ਐਡਵੋਕੇਟ ਦੱਤਾ ਨੇ ਦੱਸਿਆ ਕਿ ਇਸ ਵਾਰ ਸ਼?ਰੀ ਕ੍ਰਿਸ਼ਣ ਜਨਮਾਸ਼ਟਮੀ ਤੇ 4 ਸਤਬੰਰ ਸੋਮਵਾਰ ਨੂੰ ਸਵੇਰੇ ਸ਼ੋਭਾ ਯਾਤਰਾ ਦਾਨਾ ਮੰਡੀ ਤੋਂ ਆਰੰਭ ਹੋਵੇਗੀ , ਜੋ ਕਿ ਸ਼ਹਿਰ ਦੇ ਪ੍ਰਮੁੱਖ ਬਾਜ਼ਾਰਾਂ ਤੋਂ ਕ੍ਰਿਸ਼ਨ ਭਗਵਾਨ ਦੀ ਮਹਿਮਾ ਗਾਉਂਦੀ ਹੋਈ ਵਾਪਸ ਦਾਨਾ ਮੰਡੀ ਪੁੱਜ ਕੇ ਖ਼ਤਮ ਹੋਵੇਗੀ ।ਸ਼ੋਭਾ ਯਾਤਰਾ ਵਿਚ ਬੈਂਡ, ਭਗਵਾਨ ਦੇ ਸਰੂਪ ਦੀਆਂ ਝਾਂਕਿਆਂ ਅਤੇ ਹੋਰ ਕੀਰਤਨ ਮੰਡਲ ਹਿੱਸਾ ਲੈਣਗੇ।ਮੌਕੇ 'ਤੇ ਮੋਦ ਪ੍ਰਕਾਸ਼ ਪਾਠਕ, ਲਲਿਤ ਸ਼ਰਮਾ, ਭਾਰਤੀ ਆਂਗਰਾ, ਗੋਪਾਲ ਮੋਹਨ ਸ਼ਾਰਦਾ, ਇੰਦਰਪਾਲ, ਜੈਪਾਲ, ਅੰਕੁਸ਼ ਨਿਸ਼ਾਵਨ, ਪਰਵਿੰਦਰ ਬੱਤਰਾ, ਜਸਵਿੰਦਰ ਕੁਮਾਰ, ਯਸ਼ਪਾਲ ਦੀਂਗੜਾ ਜੱਸਾ, ਸੁਰੇਸ਼ ਸ਼ਰਮਾ, ਕਰਮਚੰਦ, ਵਿਪਨ ਕੁਮਾਰ, ਪੰਡਿਤ ਅਸ਼ੋਕ ਸ਼ਰਮਾ, ਰਾਜਨ ਸ਼ਰਮਾ, ਡਾ. ਸ਼ਿਵ ਕੁਮਾਰ ਤੇਜਪਾਲ, ਲਲਿਤ ਓਹਰੀ, ਨਰਿੰਦਰ ਰਾਠੌਰ, ਸੁਨੀਲ ਕੁਮਾਰ, ਅਕਸ਼ੈ ਕੁਮਾਰ ਦੇ ਆਦਿ ਦੇ ਨਾਲ ਵੱਖੋ ਵੱਖ ਧਾਰਮਿਕ ਸੰਗਠਨ , ਮੰਦਿਰ ਸੰਗਠਨ ਅਤੇ ਹੋਰ ਕਲੱਬ ਮੈਂਬਰ ਸ਼ਾਮਲ ਹੋਏ ।

# ਢਾਹਾਂ ਕਲੇਰਾਂ ਹਸਪਤਾਲ ਵਿਖੇ ਸ਼ੂਗਰ, ਦਿਲ ਦੇ ਰੋਗਾਂ ਅਤੇ ਗੁਰਦਿਆਂ ਦੀਆਂ ਬਿਮਾਰੀਆਂ ਦੇ ਮਾਹਿਰ ਡਾ. ਵਿਵੇਕ ਗੁੰਬਰ ਨੇ ਅਹੁਦਾ ਸੰਭਾਲਿਆ

**• ਸਹੀਦ ਭਗਤ ਸਿੰਘ ਨਗਰ**

ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਮੈਡੀਸਨ ਵਿਭਾਗ ਵਿਚ ਸ਼ੂਗਰ, ਦਿਲ ਦੇ ਰੋਗਾਂ, ਗੁਰਦਿਆਂ ਦੀ ਬਿਮਾਰੀਆਂ ਅਤੇ ਜਨਰਲ ਸਰੀਰਿਕ ਬਿਮਾਰੀਆਂ ਦੇ ਮਾਹਿਰ ਡਾ ਵਿਵੇਕ ਗੁੰਬਰ ਐਮ.ਡੀ.,ਐਫ.ਸੀ.ਪੀ.ਐਸ.(ਮੈਡੀਸਨ) ਨੇ ਅਹੁਦਾ ਸੰਭਾਲ ਲਿਆ ਹੈ । ਇਹ ਜਾਣਕਾਰੀ ਹਰਦੇਵ ਸਿੰਘ ਕਾਹਮਾ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਨੇ ਦਿੱਤੀ । ਸ. ਕਾਹਮਾ ਨੇ ਦੱਸਿਆ ਕਿ ਡਾ ਵਿਵੇਕ ਗੁੰਬਰ ਐਮ.ਡੀ., ਐਫ.ਸੀ.ਪੀ.ਐਸ. (ਮੈਡੀਸਨ) ਨੇ ਐਸ ਐਮ ਬੀ ਟੀ ਮੈਡੀਕਲ ਕਾਲਜ ਨਾਸਿਕ ਤੋਂ ਪੋਸਟ ਗ੍ਰੈਜੂਏਸ਼ਨ ਮੈਡੀਕਲ ਦੀ ਪੜ੍ਹਾਈ ਅਵੱਲ ਦਰਜੇ ਵਿਚ ਪਾਸ ਕੀਤੀ ਹੈ। ਡਾ ਵਿਵੇਕ ਗੁੰਬਰ ਪਿਛਲੇ 12 ਸਾਲਾਂ ਤੋਂ ਸ਼ੂਗਰ, ਦਿਲ ਦੀਆਂ ਬਿਮਾਰੀਆਂ, ਗੁਰਦਿਆਂ ਦੇ ਰੋਗਾਂ, ਗਠੀਆ, ਜ਼ੁਕਾਮ, ਸਿਰ ਦਰਦ, ਬੁਖਾਰ, ਨਮੋਨੀਆ, ਸਾਹ ਦੇ ਰੋਗ, ਟੀ.ਬੀ., ਟਾਈਫਾਈਡ, ਡੇਂਗੂ, ਮਲੇਰੀਆ, ਬਲੱਡ ਪ੍ਰੈਸ਼ਰ, ਕਰੋਨਾ ਨਾਲ ਸਬੰਧਿਤ ਰੋਗ, ਜਿਗਰ, ਥਾਇਰਾਇਡ, ਮਿਰਗੀ, ਕਾਲਾ ਪੀਲੀਆ, ਪੇਟ ਗੈਸ, ਕਬਜ਼ ਅਤੇ ਹੋਰ ਸਰੀਰਿਕ ਬਿਮਾਰੀਆਂ ਦੇ ਤਜਰਬੇਕਾਰ ਡਾਕਟਰ ਹਨ। ਸ. ਕਾਹਮਾ ਨੇ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਮੈਡੀਸਨ ਵਿਭਾਗ ਵਿਚ ਕਾਰਡੀਅਕ ਮੋਨੀਟਰ, ਸਾਹ ਵਾਲੀਆਂ ਮਸ਼ੀਨਾਂ (ਵੈਂਟੀਲੇਟਰ), ਇੰਜ਼ਕੈਸ਼ਨ ਪੰਪਜ਼ ਅਤੇ ਹੋਰ ਅਤਿ ਆਧੁਨਿਕ ਯੰਤਰਾਂ ਨਾਲ ਲੈਸ ਆਈ. ਸੀ. ਯੂ. ਅਤੇ ਐਮਰਜੈਂਸੀ ਵਿਭਾਗ 24 ਘੰਟੇ ਮਰੀਜ਼ਾਂ ਦੀ ਸੇਵਾ ਸੰਭਾਲ ਲਈ ਕਾਰਜਸ਼ੀਲ ਰਹਿੰਦੇ ਹਨ । ਡਾ ਵਿਵੇਕ ਗੁੰਬਰ ਐਮ.ਡੀ.,ਐਫ.ਸੀ.ਪੀ.ਐਸ.(ਮੈਡੀਸਨ) ਦੇ ਕਾਰਜਭਾਰ ਸੰਭਾਲਣ ਮੌਕੇ ਮਲਕੀਅਤ ਸਿੰਘ ਬਾਹੜੋਵਾਲ ਮੀਤ ਪ੍ਰਧਾਨ, ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਅਮਰਜੀਤ ਸਿੰਘ ਕਲੇਰਾਂ ਚੇਅਰਮੈਨ ਫਾਈਨਾਂਸ, ਜਗਜੀਤ ਸਿੰਘ ਸੋਢੀ ਪ੍ਰਬੰਧਕ ਮੈਂਬਰ ਅਤੇ ਡਾ. ਰਵਿੰਦਰ ਖਜ਼ੂਰੀਆ ਮੈਡੀਕਲ ਸੁਪਰਡੈਂਟ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੀ ਹਾਜ਼ਰ ਸਨ ।ਵਰਨਯੋਗ ਹੈ ਕਿ ਇਸ ਇਲਾਕੇ ਵਿਚ ਡਾ ਵਿਵੇਕ ਗੁੰਬਰ ਨੇ ਚੈਰੀਟੇਬਲ ਅਤੇ ਸਰਕਾਰੀ ਸਿਹਤ ਵਿਭਾਗ ਵਿਚ ਸ਼ਾਨਦਾਰ ਸੇਵਾਵਾਂ ਦੇ ਚੁੱਕੇ ਹਨ।

# ਪੀ ਐਚ ਸੀ ਰਣਜੀਤ ਬਾਗ਼ ਵਿਖੇ ਅਨੀਮੀਆ ਮੁਕਤ ਪੰਜਾਬ ਅਭਿਆਨ ਤਹਿਤ ਖੂਨ ਦੀ ਕਮੀ ਵਾਲੀ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਦੇ ਖੂਨ ਦੇ ਪੱਧਰ ਦੀ ਜਾਂਚ ਲਈ ਕੈਂਪ ਲਗਾਇਆ

**ਦੋਰਾਂਗਲਾ/ਰਾਕੇਸ਼ ਜੀਵਨ ਚੱਕ**



ਸਿਵਲ ਸਰਜਨ ਗੁਰਦਾਸਪੁਰ ਡਾ ਹਰਭਜਨ ਰਾਮ ਮਾਂਡੀ ਜੀ ਦੇ ਦਿਸ਼ਾ ਨਿਰਦੇਸ਼ਾ ਅਤੇ ਸੀਨੀਅਰ ਮੈਡੀਕਲ ਅਫਸਰ ਡਾ ਅਨੀਤਾ ਗੁਪਤਾ ਜੀ ਦੀ ਅਗਵਾਈ ਹੇਠ ਪੀ ਐਚ ਸੀ ਰਣਜੀਤ ਬਾਗ਼ ਵਿਖੇ ਅਨੀਮੀਆ ਮੁਕਤ ਪੰਜਾਬ ਅਭਿਆਨ ਤਹਿਤ ਖੂਨ ਦੀ ਕਮੀ ਵਾਲੀ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਅਤੇ ਬੱਚਿਆਂ ਦੀ ਪਛਾਣ ਕਰਨ ਲਈ ਬੁੱਧਵਾਰ ਨੂੰ ਖੂਨ ਦੇ ਪੱਧਰ ਦੀ ਜਾਂਚ ਲਈ ਕੈਂਪ ਲਗਾਇਆ ਗਿਆ। ਕੈਂਪ ਵਿੱਚ ਗਰਭਵਤੀ ਔਰਤਾਂ, ਦੁੱਧ ਪਿਲਾਉਣ ਵਾਲੀਆਂ ਮਾਵਾਂ ਦੀ ਜਾਂਚ ਕੀਤੀ ਗਈ ਅਤੇ ਖੂਨ ਦੀ ਘਾਟ ਪੂਰੀ ਕਰਨ ਲਈ ਪੋਸਟਿਕ ਆਹਾਰ ਲੈਣ ਬਾਰੇ ਦੱਸਿਆ ਗਿਆ। ਡਾ. ਅਨੀਤਾ ਨੇ ਦੱਸਿਆ ਕਿ ਅਨੀਮੀਆ ਮੁਕਤ ਪੰਜਾਬ ਅਭਿਆਨ ਤਹਿਤ ਬੱਚਿਆਂ, ਸਕੂਲੀ ਵਿਦਿਆਰਥਣਾਂ, ਗਰਭਵਤੀਆਂ ਅਤੇ ਦੁੱਧ ਪਿਲਾਉਣ ਵਾਲੀਆਂ ਮਾਵਾਂ ਦੇ ਖੂਨ ਦੀ ਜਾਂਚ ਕਰਨ ਅਤੇ ਅਨੀਮੀਆ ਦਾ ਸ਼ਿਕਾਰ ਮਰੀਜ਼ ਦਾ ਪੋਸਟਿਕ ਆਹਾਰ 'ਤੇ ਦਵਾਈਆਂ ਨਾਲ ਇਲਾਜ ਕਰਨ ਦਾ ਟੀਚਾ ਮਿੱਥਿਆ ਗਿਆ ਹੈ। ਬੀਈਈ ਸੰਦੀਪ ਕੌਰ ਨੇ ਦੱਸਿਆ ਕਿ ਇਸ ਕੈਂਪ ਤੋਂ ਇਲਾਵਾ ਸਿਹਤ ਕਾਮਿਆਂ ਵੱਲੋਂ ਸਾਰੇ ਟੀਕਾਕਰਨ ਸੈਸ਼ਨਾਂ 'ਤੇ ਅਨੀਮੀਆ ਸਬੰਧੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ।ਕੈਂਪ ਵਿੱਚ ਡਾ ਅਦਿਤੀ, ਮਨਜੀਤ ਕੌਰ ਐਲ ਐਚ ਵੀ, ਕੁਲਵੰਤ ਕੌਰ ਐਲ ਐਚ ਵੀ, ਪਲਵਿੰਦਰ ਕੌਰ ਐਮ ਐਲ ਟੀ, ਮਨਜੀਤ ਕੌਰ ਫਾਰਮਾਸਿਸਟ ਅਤੇ ਆਸ਼ਾ ਵਰਕਰਾ ਆਦਿ ਮੌਜੂਦ ਸਨ।

# ਰਾਸ਼ਟਰੀ ਪੱਧਰ ’ਤੇ ਜੇਤੂ ਹਠੂਰ ਦੀ ਗੱਤਕਾ ਟੀਮ ਦਾ ਪ੍ਰੋ:ਸੁਖਵਿੰਦਰ ਸਿੰਘ ਵੱਲੋਂ ਸਵਾਗਤ

## ਗੱਤਕਾ ਟੀਮ ਨੇ ਪੰਜਾਬ ਅਤੇ ਜਗਰਾਉਂ ਹਲਕੇ ਦਾ ਨਾਮ ਰੌਸ਼ਨ ਕਰਕੇ ਮਾਣ ਵਧਾਇਆ



**• ਜਗਰਾਉਂ**

ਪਿੰਡ ਹਠੂਰ ਦੀ ਭਾਈ ਬਚਿੱਤਰ ਸਿੰਘ ਗੱਤਕਾ ਟੀਮ ਨੇ ਕਰਮਾਂਬੀਰ ਨਾਬੀਨ ਚੰਦਰਾ ਬੋਰਡੋਲੋਈ ਇੰਨਡੋਰ ਸਟੇਡੀਅਮ ਸਾਰੂਸਾਜਾਈ, ਗੁਵਾਟੀ ਅਸਾਮ ਵਿਖੇ ਗੱਤਕਾ ਐਸੋਸੀਏਸ਼ਨ ਅਸਾਮ ਵੱਲੋਂ ਕਰਵਾਈ ਗਈ 7ਵੀਂ ਨੈਸ਼ਨਲ ਗੱਤਕਾ ਚੈਂਪੀਅਨਸ਼ਿਪ-2023 ਵਿੱਚ ਭਾਗ ਲਿਆ ਅਤੇ ਲੜਕਿਆਂ ਦੇ ਮੁਕਾਬਲੇ ਵਿੱਚੋਂ ਪਹਿਲਾ ਸਥਾਨ ਹਾਸਲ ਕਰਨ ਦਾ ਮਾਣ ਪ੍ਰਾਪਤ ਕੀਤਾ। ਹਠੂਰ ਪਿੰਡ ਦੀ ਗੱਤਕਾ ਟੀਮ ਵੱਲੋਂ ਗੋਲਡ ਮੈਡਲ ਜਿੱਤਣ ’ਤੇ ਜਗਰਾਉਂ ਹਲਕੇ ਅੰਦਰ ਖੁਸ਼ੀ ਦੀ ਲਹਿਰ ਦੌੜ ਗਈ। ਜੇਤੂ ਟੀਮ ਦੀ ਹੌਸਲਾ ਅਫ਼ਜਾਈ ਲਈ ਹਲਕਾ ਜਗਰਾਉਂ ਦੇ ਵਿਧਾਇਕ ਬੀਬੀ ਸਰਵਜੀਤ ਕੌਰ ਮਾਣੂੰਕੇ ਦੇ ਪਤੀ ਪ੍ਰੋਫੈਸਰ ਸੁਖਵਿੰਦਰ ਸਿੰਘ ਵੱਲੋਂ ਆਪਣੇ ਸਾਥੀਆਂ ਸਮੇਤ ਜਗਰਾਉਂ ਪਹੁੰਚਣ ’ਤੇ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਜੇਤੂ ਗੱਤਕਾ ਟੀਮ ਨੂੰ ਵਧਾਈ ਦਿੰਦੇ ਹੋਏ ਪ੍ਰੋਫੈਸਰ ਸੁਖਵਿੰਦਰ ਸਿੰਘ ਨੇ ਆਖਿਆ ਕਿ ਹਠੂਰ ਪਿੰਡ ਦੇ ਨੌਜੁਆਨਾਂ ਨੇ ਇਸ ਕਹਾਵਤ ਕਿ ‘ਉਗਣ ਵਾਲੇ ਉਗ ਪੈਂਦੇ ਨੇ, ਪਾੜ ਕੇ ਸੀਨਾ ਪੱਥਰਾਂ ਦਾ’ ਨੂੰ ਸੱਚ ਕਰ ਵਿਖਾਇਆ ਹੈ ਅਤੇ ਪੂਰੇ ਦੇਸ਼ ਵਿੱਚੋਂ ਮੁਕਾਬਲੇ ਵਿੱਚ ਸ਼ਾਮਲ ਹੋਈਆਂ ਟੀਮਾਂ ਨੂੰ ਹਰਾਕੇ ਜੇਤੂ ਹੋਣ ਦਾ ਮਾਣ ਹਾਸਲ ਕੀਤਾ ਹੈ। ਇਸ ਨਾਲ ਜਿੱਥੇ ਪੂਰੇ ਦੇਸ਼ ਅੰਦਰ ਜਗਰਾਉਂ ਇਲਾਕੇ ਦਾ ਮਾਣ ਵਧਿਆ ਹੈ, ਉਥੇ ਹੀ ਪੰਜਾਬ ਦਾ ਨਾਮ ਵੀ ਰੌਸ਼ਨ ਹੋਇਆ ਹੈ। ਉਹਨਾਂ ਕਿਹਾ ਕਿ ਭਾਈ ਬਚਿੱਤਰ ਸਿੰਘ ਗੱਤਕਾ ਟੀਮ ਹਠੂਰ ਦੇ ਨੌਜੁਆਨਾਂ ਦੇ ਜੇਤੂ ਰਹਿਣ ਨਾਲ ਨਵੇਂ ਬੱਚਿਆਂ ਅੰਦਰ ਸਾਡੇ ਗੁਰੂਆਂ ਵੱਲੋਂ ਬਖਸ਼ੇ ਸਿੱਖ ਬਾਣੇ ਨੂੰ ਪਹਿਨਕੇ ਗੱਤਕੇ ਨਾਲ ਜੁੜਨ ਲਈ ਉਤਸ਼ਾਹ ਵਧੇਗਾ ਅਤੇ ਸਾਡੇ ਨਵੀਂ ਜੁਆਨੀ ਨਸ਼ਿਆਂ ਵਾਲੇ ਪਾਸੇ ਤੋਂ ਮੂੰਹ ਮੋੜਕੇ ਸਿੱਖੀ ਅਤੇ ਗੱਤਕੇ ਵੱਲ ਪ੍ਰੇਰਿਤ ਹੋਵੇਗੀ। ਇਸ ਮੌਕੇ ਪ੍ਰੋਫੈਸਰ ਸੁਖਵਿੰਦਰ ਸਿੰਘ ਵੱਲੋਂ ਗੱਤਕਾ ਟੀਮ ਦੇ ਜੇਤੂ ਮੈਂਬਰ ਹਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਗੁਰਸੇਵਕ ਸਿੰਘ, ਰਾਜਵਿੰਦਰ ਸਿੰਘ, ਰਵੀ ਸਿੰਘ, ਮਨਦੀਪ ਸਿੰਘ ਫਤਹਿ ਆਦਿ ਦਾ ਹਾਰ ਪਾਕੇ ਅਤੇ ਗੁਲਦਸਤਾ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਕੌਂਸਲਰ ਕੁਲਵਿੰਦਰ ਸਿੰਘ ਕਾਲਾ, ਬਲਾਕ ਪ੍ਰਧਾਨ ਨਿਰਭੈ ਸਿੰਘ ਕਮਾਲਪੁਰਾ, ਡਾ:ਮਨਦੀਪ ਸਿੰਘ ਸਰਾਂ, ਕਰਤਾਰ ਸਿੰਘ ਸਵੱਦੀ, ਤਰਸੇਮ ਸਿੰਘ ਹਠੂਰ, ਸਰਪੰਚ ਸੁਰਜੀਤ ਸਿੰਘ ਜਨੇਤਪੁਰਾ, ਸਰਪੰਚ ਮਲਕੀਤ ਸਿੰਘ ਹਠੂਰ, ਅਮਰ ਸਿੰਘ ਹਠੂਰ, ਸੋਨੀ ਕਾਉਂਕੇ, ਕੁਲਵੰਤ ਸਿੰਘ ਹਠੂਰ, ਗੁਰਜੰਟ ਸਿੰਘ ਖਾਲਸਾ ਰਸੂਲਪੁਰ, ਕਾਕਾ ਕੋਠੇ ਅੱਠ ਚੱਕ ਆਦਿ ਵੀ ਹਾਜ਼ਰ ਸਨ।

# ਚਾਰ ਸਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਰਤਨ ਸਮਾਗਮ ਕਰਵਾਇਆ



**• ਲੁਧਿਆਣਾ**

ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਨਸ਼ਨ ਵਿਖੇ ਬੀਤੀ ਸ਼ਾਮ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਦਸ਼ਮੇਸ਼ ਪਿਤਾ ਸ਼੍ਰੀ ਗੁਰੂ ਗੋਬਿੰਦ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਹਫਤਾਵਾਰੀ ਕੀਰਤਨ ਸਮਾਗਮ ਆਯੋਜਿਤ ਗਿਆ।ਜਿਸ ਵਿੱਚ ਵਿਸ਼ੇਸ਼ ਤੌਰ ਤੇ ਆਪਣੇ ਕੀਰਤਨੀ ਜੱਥੇ ਸਮੇਤ ਹਾਜ਼ਰੀ ਭਰਨ ਲਈ ਭਾਈ ਜਗਤਾਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ਼੍ਰੀ ਦਰਬਾਰ ਸਾਹਿਬ (ਸ਼੍ਰੀ ਅੰਮ੍ਰਿਤਸਰ ਸਾਹਿਬ) ਵਾਲਿਆਂ ਦੇ ਕੀਰਤਨੀ ਜੱਥੇ ਨੇ ਗੁਰਬਾਣੀ ਦਾ ਇਲਾਹੀ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਉਨ੍ਹਾਂ ਨੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਵਲੋਂ ਗੁਰਦੁਆਰਾ ਸਾਹਿਬ ਵਿਖੇ ਆਯੋਜਿਤ ਕੀਤੇ ਗਏ ਕੀਰਤਨ ਸਮਾਗਮ ਨੂੰ ਇੱਕ ਉਪਦੇਸ਼ਕ ਸਮਾਗਮ ਦੱਸਦਿਆਂ ਸਮਾਗਮ ਅੰਦਰ ਜੁੜ ਬੈਠੀਆਂ ਸੰਗਤਾਂ ਨੂੰ ਧਰਮ ਦੇ ਮਾਰਗ ਉਪਰ ਚੱਲਣ ,ਬਾਣੀ ਤੇ ਬਾਣੇ ਦੇ ਧਾਰਨੀ ਬਣਨ ਦੀ ਤਾਕੀਦ ਵੀ ਕੀਤੀ।ਇਸ ਦੌਰਾਨ ਭਾਈ ਜਗਤਾਰ ਸਿੰਘ ਜੀ ਦੇ ਕੀਰਤਨੀ ਜੱਥੇ ਦੇ ਸਮੂਹ ਮੈਬਰਾਂ ਨੂੰ ਸਿਰਪਾਉ ਬਖਸ਼ਿਸ਼ ਕਰਕੇ ਸਨਮਾਨਿਤ ਵੀ ਕੀਤਾ ਗਿਆ।ਕੀਰਤਨ ਸਮਾਗਮ ਅੰਦਰ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸ.ਇੰਦਰਜੀਤ ਸਿੰਘ ਮੱਕੜ ,ਗੁਰ ਦਸ਼ਮੇਸ਼ ਸੇਵਾ ਸੁਸਾਇਟੀ ਦੇ ਪ੍ਰਮੁੱਖ ਮੈਬਰ ਇੰਦਰਬੀਰ ਸਿੰਘ ਬੱਤਰਾ,ਹਰਪਾਲ ਸਿੰਘ ਬੱਤਰਾ,, ਰਵਿੰਦਰਦਰਪਾਲ ਸਿੰਘ ਡੰਗ, ਗੁਰਦੀਪ ਸਿੰਘ ਡੀਮਾਰਟੇ,ਰਜਿੰਦਰ ਸਿੰਘ ਡੰਗ, ਮਨਜੀਤ ਸਿੰਘ ਨਾਟੀ ,ਗੁਰਬਚਨ ਸਿੰਘ, ਹਰਪਾਲ ਸਿੰਘ ਖਾਲਸਾ,ਹਰਪ੍ਰੀਤ ਸਿੰਘ ਨੀਟਾ, ਸ.ਪ੍ਰੇਮ ਸਿੰਘ , ਬਲਜੀਤ ਸਿੰਘ ਬਾਵਾ ,ਅਵਤਾਰ ਸਿੰਘ ਬੀ.ਕੇ, ਵਿਸ਼ੇਸ਼ ਤੌਰ ਤੇ ਹਾਜਰ ਸਨ ।

# ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜ਼ਿਲ੍ਹੇ ਵਿਚ ਸੜ੍ਹਕਾਂ ਅਤੇ ਚੌਕਾਂ ਵਿਚ ਜਾਮ ਲਾਉਣ ’ਤੇ ਮੁਕੰਮਲ ਪਾਬੰਦੀ

**• ਸਹੀਦ ਭਗਤ ਸਿੰਘ ਨਗਰ**



ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਵੱਖ-ਵੱਖ ਜਥੇਬੰਦੀਆਂ ਅਤੇ ਯੂਨੀਅਨਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿਚ ਰੋਸ ਪ੍ਰਦਰਸ਼ਨ/ਮੁਜ਼ਾਹਰੇ ਦੌਰਾਨ ਮੁੱਖ ਮਾਰਗ ’ਤੇ ਰਸਤਾ ਰੋਕ ਕੇ ਧਰਨੇ ਆਦਿ ਲਾਉਣ ਕਾਰਨ ਚੰਡੀਗੜ੍ਹ-ਜਲੰਧਰ ਅੰਮ੍ਰਿਤਸਰ ਜਾਣ ਵਾਲੇ ਲੋਕਾਂ ਨੂੰ ਆਉਂਦੀ ਸਮੱਸਿਆ ਅਤੇ ਮਰੀਜ਼ਾਂ ਨੂੰ ਹੰਗਾਮੀ ਹਾਲਤ ਵਿਚ ਲੈ ਕੇ ਜਾਣ ਵਾਲੀਆਂ ਐਂਬੂਲੈਂਸਾਂ ਨੂੰ ਰਸਤਾ ਨਾ ਮਿਲਣ ਕਾਰਨ, ਮਰੀਜ਼ਾਂ ਤੇ ਉਨ੍ਹਾਂ ਦੇ ਵਾਰਸਾਂ ਨੂੰ ਹੁੰਦੀ ਪ੍ਰੇਸ਼ਾਨੀ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ ਸ਼ਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973(1974) ਦੇ ਐਕਟ 2 ਦੀ ਧਾਰਾ 144 ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਿਸੇ ਵੀ ਯੂਨੀਅਨ/ਜਥੇਬੰਦੀ ਵੱਲੋਂ ਸੜਕਾਂ/ਚੌਕਾਂ ਵਿਚ ਟਰੈਫਿਕ ਜਾਮ ਲਗਾਉਣ ’ਤੇ ਮੁਕੰਮਲ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਅਨੁਸਾਰ ਰੋਸ ਧਰਨਿਆਂ ਵਾਸਤੇ ਜ਼ਿਲ੍ਹੇ ਦੀਆਂ ਤਿੰਨਾਂ ਸਬ ਡਵੀਜ਼ਨਾਂ ਵਿਚ ਸਥਾਨ ਨਿਰਧਾਰਿਤ ਕੀਤੇ ਗਏ ਹਨ ਅਤੇ ਕੋਈ ਵੀ ਜਥੇਬੰਦੀ/ਯੂਨੀਅਨ ਇਨ੍ਹਾਂ ਸਥਾਨਾਂ ’ਤੇ ਸਥਾਨਕ ਪ੍ਰਸ਼ਾਸਨ ਦੀ ਅਗਾਊਂ ਮਨਜ਼ੂਰੀ ਤੋਂ ਬਿਨਾਂ ਰੋਸ ਪ੍ਰਦਰਸ਼ਨ ਨਹੀਂ ਕਰ ਸਕੇਗੀ। ਇਨ੍ਹਾਂ ਥਾਵਾਂ ਵਿਚ ਸਬ ਡਵੀਜ਼ਨ ਨਵਾਂਸ਼ਹਿਰ ਵਿਚ ਦੁਸਹਿਰਾ ਗਰਾਊਂਡ ਨਵਾਂਸ਼ਹਿਰ ਅਤੇ ਨਗਰ ਕੌਂਸਲ ਨਵਾਂਸ਼ਹਿਰ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਪਿੰਡ ਗੁਜਰਪੁਰ ਕਲਾਂ ਦਾ ਲਗਭਗ 40 ਕਨਾਲ ਰਕਬਾ ਨੇੜੇ ਰੇਲਵੇ ਫਾਟਕ ਬੰਗਾ ਰੋਡ ਨਵਾਂਸ਼ਹਿਰ, ਸਬ ਡਵੀਜ਼ਨ ਬੰਗਾ ਵਿਚ ਪੰਚਾਇਤੀ ਰਕਬਾ, ਗ੍ਰਾਮ ਪੰਚਾਇਤ ਪਿੰਡ ਪੂਨੀਆ ਅਤੇ ਸਬ ਡਵੀਜ਼ਨ ਬਲਾਚੌਰ ਵਿਖੇ ਮਿਊਂਸਪਲ ਖੇਡ ਮੈਦਾਨ (ਨਜ਼ਦੀਕ ਸਿਵਲ ਹਸਪਤਾਲ) ਜਗਤਪੁਰ ਰੋਡ ਸਿਆਣਾ ਨਿਰਧਾਰਿਤ ਕੀਤੀਆਂ ਗਈਆਂ ਹਨ। ਨਿਰਧਾਰਤ ਥਾਵਾਂ ’ਤੇ ਮਨਜ਼ੂਰੀ ਲੈਣ ਉਪਰੰਤ ਲਾਊਡ ਸਪੀਕਰ ਦੀ ਮਨਜ਼ੂਰੀ ਸਬੰਧਤ ਉੱਪ ਮੰਡਲ ਮੈਜਿਸਟ?ਰੇਟ ਪਾਸੋਂ ਲੈਣੀ ਜ਼ਰੂਰੀ ਹੋਵੇਗੀ। ਨਵਾਂਸ਼ਹਿਰ ਵਿਖੇ ਚੰਡੀਗੜ੍ਹ ਚੌਕ, ਬੱਸ ਅੱਡਾ ਚੌਕ ਅਤੇ ਨਹਿਰੂ ਗੇਟ ਵਿਖੇ ਕਿਸੇ ਵੀ ਤਰ੍ਹਾਂ ਦਾ ਧਰਨਾ/ਆਵਾਜਾਈ ਵਿਚ ਵਿਘਨ ਪਾਉਣ ਦੀ ਵੀ ਮਨਾਹੀ ਕੀਤੀ ਗਈ ਹੈ। ਇਸ ਦੇ ਨਾਲ ਹੀ ਜ਼ਿਲ੍ਹੇ ਦੇ ਤਹਿਸੀਲ ਕੰਪਲੈਕਸਾਂ, ਐਸ.ਡੀ.ਐਮ ਕੰਪਲੈਕਸਾਂ ਅਤੇ ਡੀ.ਏ.ਸੀ ਕੰਪਲੈਕਸ ਵਿਚ ਵੀ ਅਜਿਹੀ ਕਿਸੇ ਕਿਸੇ ਵੀ ਤਰ੍ਹਾਂ ਦੀ ਗਤੀਵਿਧੀ, ਧਰਨੇ ਲਾਉਣ ਜਾਂ ਲਾਊਡ ਸਪੀਕਰ ਵਜਾਉਣ ’ਤੇ ਵੀ ਮੁਕੰਮਲ ਪਾਬੰਦੀ ਲਾਈ ਗਈ ਹੈ। ਜ਼ਿਲ੍ਹਾ ਮੈਜਿਸਟ?ਰੇਟ ਅਨੁਸਾਰ ਉਕਤ ਨਿਰਧਾਰਿਤ ਸਥਾਨਾਂ ਤੋਂ ਇਲਾਵਾ ਹੋਰ ਕਿਸੇ ਵੀ ਥਾਂ/ਸੜ੍ਹਕ ’ਤੇ ਰੋਸ ਧਰਨਾ/ਪ੍ਰਦਰਸ਼ਨ ਕਰਨ ’ਤੇ ਪਾਬੰਦੀ ਹੋਵੇਗੀ ਅਤੇ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਮਨਾਹੀ ਦੇ ਹੁਕਮ 10 ਅਗਸਤ ਤੋਂ 9 ਅਕਤੂਬਰ 2023 ਤੱਕ ਲਾਗੂ ਰਹਿਣਗੇ।

# ਗੁਰੂ ਨਗਰੀ ’ਚ ਸ਼ਰੇਆਮ ਚਲ ਰਿਹੈ ਦੜੇ ਸਟੇ ਦਾ ਧੰਦਾ, ਲੋਕ ਉਡਾ ਰਹੇ ਆਪਣੀ ਮਿਹਨਤ ਦੀ ਕਮਾਈ ਦਾ ਪੈਸਾ

## ■ ਸਮਾਜ ਸੇਵੀ ਸੰਸਥਾਵਾਂ ਦੇ ਆਗੂਆਂ ਨੇ ਗੈਰ ਸਮਾਜਿਕ ਅਨਸਰਾਂ ਦੇ ਖਿਲਾਫ ਕਾਰਵਾਈ ਦੀ ਕੀਤੀ ਮੰਗ



**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲਸਿੰਘ**

ਸੰਸਾਰ ਭਰ ਵਿਚ ਕਰੋੜਾਂ ਲੋਕਾਂ ਦੀ ਆਸਥਾ ਦੇ ਕੇਂਦਰ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਚ ਦੱੜ੍ਹੇ ਸੱਟੇ ਦਾ ਧੰਦਾ ਖ਼ੂਬ ਜੋਰਾਂ ਸ਼ੋਰਾਂ ਨਾਲ ਚਲ ਰਿਹਾ ਹੈ ਤੇ ਇਸ ਕਾਲੇ ਕੰਮ ’ਚ ਲੋਕ ਆਪਣੀ ਮਿਹਨਤ ਦੀ ਕਮਾਈ ਦਾ ਪੈਸਾ ਉਡਾ ਰਹੇ ਨੇ। ਪੁਖਤਾ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਸ਼ਹਿਰ ਦੀਆਂ ਕਈ ਥਾਵਾਂ ਤੇ ਕੁੱਝ ਲੋਕ ਇਹ ਧੰਦਾ ਪਿਛਲੇ ਕਾਫੀ ਸਮੇ ਤੋਂ ਕਰ ਰਹੇ ਹਨ ਜਿਸ ਵਿਚ ਸੈਂਕੜਿਆਂ ਤੋਂ ਲੈ ਕੇ ਲੱਖਾਂ ਰੁਪਏ ਲਗਾਏ ਜਾਂਦੇ ਹਨ। ਇਹ ਧੰਦਾ ਲਾਟਰੀ ਦੀ ਆੜ ਵਿਚ ਵੀ ਚਲਾਇਆ ਜਾ ਰਿਹਾ ਹੈ ਜਿਸ ਨਾਲ ਜਿੱਥੇ ਸਰਕਾਰ ਦੇ ਖਜਾਨੇ ਨੂੰ ਚੂਨਾ ਲਗਾਇਆ ਜਾ ਰਿਹਾ ਹੈ ਉਥੇ ਲੋਕਾਂ ਦੇ ਘਰ ਵੀ ਬਰਬਾਦ ਕੀਤੇ ਜਾ ਰਹੇ ਹਨ। ਸ਼ਹਿਰ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕ ਇਸ ਦੱੜੇ ਸੱਟੇ ਤੇ ਸੈਕੜਿਆਂ ਤੋਂ ਲੈ ਕੇ ਲੱਖਾਂ ਰੁਪਏ ਲਗਾਉਂਦੇ ਹਨ। ਇਕ ਵਾਰ ਹਾਰ ਜਾਣ ਤੋਂ ਬਾਅਦ ਦੁਬਾਰਾ ਜਿੱਤ ਜਾਣ ਦੀ ਆਸ ਉਨ੍ਹਾ ਕੋਲੋਂ ਹੋਰ ਪੈਸਾ ਲੁਆਉਂਦੀ ਰਹਿੰਦੀ ਹੈ, ਜਿਸ ਦੇ ਚਲਦਿਆਂ ਸਵੇਰ ਵੇਲੇ ਨੋਟਾਂ ਦੀਆਂ ਜੇਬਾਂ ਭਰ ਕੇ ਆਉਂਦੇ ਲੋਕ ਸ਼ਾਮ ਨੂੰ ਖਾਲੀ ਹੋ ਕੇ ਵਾਪਸ ਮੁੜ ਜਾਂਦੇ ਹਨ। ਜਿੱਥੇ ਵੱਡੀ ਉਮਰ ਦੇ ਲੋਕ ਇਸ ਕੰਮ ’ਚ ਆਪਣੇ ਪੈਸੇ ਲੁਟਾ ਰਹੇ ਹਨ ਉਥੇ ਹੀ ਕਈ ਛੋਟੀ ਉਮਰ ਦੇ ਲੜਕੇ ਘਰਦਿਆਂ ਤੋਂ ਚੋਰੀ ਛੁਪੇ ਇਨ੍ਹਾਂ ਦੇ ਕੋਲ ਆਉਂਦੇ ਹਨ ਤੇ ਇਹਨਾਂ ਨੌਜਵਾਨਾਂ ਦੀ ਜਿੰਦਗੀ ਦਾ ਅਹਿਮ ਹਿੱਸਾ ਦੱੜੇ ਸੱਟੇ ਦੀ ਭੇਂਟ ਚੜ੍ਹ ਰਿਹਾ ਹੈ। ਇਹ ਕਹਾਵਤ ਮਸ਼ਹੂਰ ਹੈ ਕਿ ’ਜੂਆ ਕਿਸੀ ਕਾ ਨਾ ਹੂਆ’ ਇਸ ਗੋਰਖ ਧੰਦੇ ਵਿਚ ਲਗਾਤਾਰ ਹਾਰ ਜਾਣ ਵਾਲੇ ਲੋਕਾਂ ਦੀ ਇਹ ਤ੍ਰਾਸਦੀ ਬਣ ਜਾਂਦੀ ਹੈ ਕਿ ਜਿੱਤ ਜਾਣ ਦੀ ਆਸ ਕਰਦੇ ਕਰਦੇ ਕਰਜਾ ਚੁੱਕ ਕੇ ਵੀ ਪੈਸੇ ਲਗਾਉਂਦੇ ਰਹਿੰਦੇ ਹਨ ਤੇ ਅਖੀਰ ਕਰਜੇ ਦੇ ਬੋਝ ਹੇਠ ਆ ਕੇ ਦੱਬੇ ਜਾਂਦੇ ਹਨ। ਇਨ੍ਹਾਂ ਵਿਚੋਂ ਹੀ ਬਹੁਤ ਲੋਕ ਹਨ ਜੋ ਹਾਰ ਜਾਣ ਤੇ ਕਰਜਾ ਚੁੱਕੇ ਜਾਣ ਕਾਰਨ ਗਹਿਰੀ ਚਿੰਤਾ ਵਿਚ ਫਸੇ ਹੋਏ ਹਨ। ਉੱਧਰ ਉਸ ਸਬੰਧੀ ਸ੍ਰੀ ਅਨੰਦਪੁਰ ਸਾਹਿਬ ਦੀਆਂ ਜਥੇਬੰਦੀਆਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕੇ ਅਜਿਹਾ ਕੰਮ ਕਰਨ ਵਾਲੇ ਲੋਕਾਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ। ਹਲਕੇ ਦੇ ਸ਼?ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਇਸਤਰੀ ਸਤਿਸੰਗ ਸਭਾ ਦੇ ਪ੍ਰਧਾਨ ਮਾਤਾ ਗੁਰਚਰਨ ਕੌਰ, ਸਿੱਖ ਮਿਸ਼ਨਰੀ ਕਾਲਜ ਦੇ ਆਰਗੇਨਾਈਜਰ ਜਗਮੋਹਣ ਸਿੰਘ, ਸ਼?ਰੋਮਣੀ ਅਕਾਲੀ ਦੱਲ ਦੇ ਸਰਕਲ ਪ੍ਰਧਾਨ ਜਥੇਦਾਰ ਰਾਮ ਸਿੰਘ, ਇਸਤਰੀ ਅਕਾਲੀ ਦੱਲ ਦੀ ਜਿਲ੍ਹਾ ਪ੍ਰਧਾਨ ਬੀਬੀ ਕੁਲਵਿੰਦਰ ਕੌਰ, ਕਾਂਗਰਸੀ ਆਗੂ ਡਾ.ਅੱਛਰ ਸ਼ਰਮਾ, ਆਦਿ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਅਨੰਦਪੁਰ ਸਾਹਿਬ ਦੀ ਪਵਿੱਤਰਤਾ ਨੂੰ ਮੁੱਖ ਰਖਦਿਆਂ ਦੱੜ੍ਹੇ ਸੱਟੇ ਦਾ ਇਹ ਧੰਦਾ ਬੰਦ ਕਰਵਾਇਆ ਜਾਵੇ।

**ਪੁਲੀਸ ਸਖ਼ਤੀ ਨਾਲ ਕਰੇਗੀ ਕਾਰਵਾਈ: ਡੀਐਸਪੀ ਅਜੇ ਸਿੰਘ**

ਇਸ ਸਬੰਧੀ ਜਦੋਂ ਸ੍ਰੀ ਆਨੰਦਪੁਰ ਸਾਹਿਬ ਦੇ ਡੀਐਸਪੀ ਅਜੇ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਦੜਾ ਸੱਟਾ ਜਾਂ ਹੋਰ ਗੈਰ ਕਾਨੂੰਨੀ ਕੰਮ ਕਿਸੇ ਵੀ ਹਾਲ ਬਰਦਾਸ਼ਤ ਨਹੀਂ ਕੀਤੇ ਜਾਣਗੇ। ਉਹਨਾਂ ਕਿਹਾ ਕਿ ਅਜਿਹੇ ਗੈਰ ਕਨੂੰਨੀ ਕੰਮ ਕਰਨ ਵਾਲਿਆਂ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

# ਪੁਜਾਰੀ ਰਾਹੁਲ ਸ਼ਰਮਾ ਦਾ ਸ਼੍ਰੀ ਅਨੰਦਪੁਰ ਸਾਹਿਬ ਪਹੁਚਣ ਤੇ ਕੀਤਾ ਸਵਾਗਤ

**• ਸ਼੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**



ਸਾਵਣ ਦੇ ਮਹੀਨੇ ਜਿਥੇ ਪੂਰੇ ਦੇਸ਼ ਵਿਦੇਸ਼ ਤੋਂ ਯਾਤਰੀ ਵੱਖ ਵੱਖ ਪਵਿੱਤਰ ਅਸਥਾਨਾਂ ਲਈ ਸ਼੍ਰੀ ਅਨੰਦਪੁਰ ਸਾਹਿਬ ਆਉਂਦੇ ਹਨ ਜਾਂ ਇਥੋਂ ਲੰਘਦੇ ਹਨ। ਇਹ ਸਿਲਸਿਲਾ ਅਨੇਕਾਂ ਅਨੇਕ ਸਾਲਾਂ ਤੋਂ ਬ-ਦਸਤੂਰ ਜਾਰੀ ਹੈ। ਇਥੇ ਲੋਕ ਪੈਦਲ ਆਉਂਦੇ ਹਨ ਅਤੇ ਸੈਂਕੜੇ ਕਿਲੋਮੀਟਰ ਤੱਕ ਦੀ ਯਾਤਰਾ ਕਰਦੇ ਹਨ। ਸ਼੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚਣ ਵਾਲੇ ਹਰ ਧਰਮ ਦੇ ਯਾਤਰੀਆਂ ਦਾ ਸਵਾਗਤ ਹਰ ਸਾਲ ਭਾਜਪਾ ਆਗੂ, ਜ਼ਿਲਾ ਭਾਜਪਾ ਦੇ ਮੁੱਖ ਬੁਲਾਰੇ ਅਤੇ ਧਾਰਮਿਕ ਫਲਸਫੇ ਤੇ ਚੱਲਣ ਵਾਲੇ ਨੌਜਵਾਨ ਆਗੂ ਬਲਰਾਮ ਪਰਾਸ਼ਰ ਬੜੀ ਹੀ ਰੀਝ ਨਾਲ ਕਰਦੇ ਹਨ। ਅਜਿਹਾ ਹੀ ਸਬੱਬ ਅੱਜ ਓਦੋਂ ਬਣਿਆ ਜਦੋਂ ਉਤਰ ਪ੍ਰਦੇਸ਼ ਦੇ ਬਦਾਯੂੰ ਜ਼ਿਲ੍ਹੇ ਤੋਂ 551 ਦਿਨ 12551 ਕਿਲੋਮੀਟਰ ਦੀ ਯਾਤਰਾ ਤਹਿਤ ਖਾਟੂ ਸ਼ਾਮ, 12 ਜੋਤਿਰ ਲਿੰਗ, ਮਾਤਾ ਵੈਸ਼ਣੋ ਦੇਵੀ ਜੀ, ਬਾਬਾ ਅਮਰਨਾਥ ਜੀ ਆਦਿ ਦੀ ਯਾਤਰਾ ਤਹਿਤ ਪੰਡਿਤ ਰਾਹੁਲ ਸ਼ਰਮਾ ਦਾ ਸ਼੍ਰੀ ਅਨੰਦਪੁਰ ਸਾਹਿਬ ਦੀ ਪਾਵਨ ਪਵਿੱਤਰ ਧਰਤੀ ਤੇ ਪਹੁਚਣ ਤੇ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਪੰਡਿਤ ਰਾਹੁਲ ਸ਼ਰਮਾ ਨੇ ਬਲਰਾਮ ਪਰਾਸ਼ਰ ਨੂੰ ਦੱਸਿਆ ਕਿ ਉਹ ਇਹ ਯਾਤਰਾ ਕਿਸੇ ਨਿਜੀ ਫਾਇਦੇ ਲਈ ਨਹੀਂ ਸਗੋਂ ਦੇਸ਼ ਦੀਆਂ ਸਰਹੱਦਾਂ ਤੇ ਦਿਨ ਰਾਤ ਦੇਸ ਦੀ ਸੁਰੱਖਿਆ ਕਰ ਰਹੇ ਭਾਰਤੀ ਸੈਨਾ ਦੇ ਜਵਾਨਾਂ ਦੀ ਸਲਾਮਤੀ ਦੀ ਅਰਦਾਸ ਲਈ ਕਰ ਰਹੇ ਹਨ। ਓਹ ਭਾਰਤ ਦੇ ਤਿਰੰਗੇ ਝੰਡੇ ਨੂੰ ਵੀ ਨਾਲ ਲੈ ਕੇ ਚੱਲ ਰਹੇ ਹਨ ਤਾਂ ਜ਼ੋ ਦੇਸ਼ ਦੇ ਨੋਜਵਾਨ ਪੀੜੀ ਦੇਸ਼ ਪ੍ਰਤੀ ਪੂਰੀ ਤਰਾਂ ਸਮਰਪਿਤ ਹੋ ਸਕੇ। ਇਸ ਸਾਰੇ ਵਾਰਤਾਲਾਪ ਤੋਂ ਬਾਅਦ। ਪੰਡਿਤ ਰਾਹੁਲ ਸ਼ਰਮਾ ਆਪਣੀ ਆਪਣੀ ਮੰਜ਼ਿਲ ਵੱਲ ਨੂੰ ਤੁਰ ਪਏ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਬਲਰਾਮ ਪਰਾਸ਼ਰ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਹਿੰਦੂ, ਸਿੰਘ ਸਮਾਜ ਦੀਆਂ ਯਾਤਰਾਵਾਂ ਦੇ ਨਾਲ ਨਾਲ ਬੁਧ ਅਤੇ ਜੈਨ ਧਰਮ ਦੀਆਂ ਯਾਤਰਾਵਾਂ ਦਾ ਵੀ ਸਵਾਗਤ ਕਰ ਚੁਕੇ ਹਨ।

# ਕਿਸਾਨ ਸੰਘਰਸ਼ ਦੇ ਸ਼ਹੀਦ ਸ. ਸੁਰਿੰਦਰ ਸਿੰਘ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਪਿੰਡ ਹਸਨਪੁਰ ਖੁਰਦ 'ਚ ਤ੍ਰਿਵੈਣੀ ਲਗਾਈ : ਤੂਰ ਛੋਕਰਾਂ



**• ਸ਼ਹੀਦ ਭਗਤ ਸਿੰਘ ਨਗਰ**

ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੂਰ ਛੋਕਰਾਂ ਨੇ ਕਿਹਾ ਕਿ ਕਿਸਾਨ ਸੰਘਰਸ਼ ਕਿਸਾਨਾਂ ਅਤੇ ਮਜ਼ਦੂਰਾਂ ਦਾ ਇੱਕ ਇਤਿਹਾਸਕ ਸਾਂਝਾ ਸੰਘਰਸ਼ ਸੀ। ਜੋ ਕਿ ਬਹੁਤ ਲੰਬਾ ਸਮਾਂ ਚੱਲਿਆ ਅਤੇ ਜਿੱਤ ਪ੍ਰਾਪਤ ਕੀਤੀ, ਇਸ ਜਿੱਤ ਨਾਲ ਕਾਰਪੋਰੇਟ ਘਰਾਣਿਆਂ ਦੇ ਮਨਸੂਬੇ ਚਕਨਾਚੂਰ ਹੋ ਗਏ। ਇਸ ਕਿਸਾਨ ਸੰਘਰਸ਼ ਵਿੱਚ ਸ਼ਹੀਦ ਹੋਏ ਪਿੰਡ ਹਸਨਪੁਰ ਖੁਰਦ ਦੇ ਕਿਸਾਨ ਸ. ਸੁਰਿੰਦਰ ਸਿੰਘ ਦੀ ਸ਼ਹਾਦਤ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਬੈਨਰ ਹੇਠ ਉਹਨਾਂ ਦੇ ਪਿੰਡ ਹਸਨਪੁਰ ਖੁਰਦ ਵਿੱਚ ਆਤਮ ਪ੍ਰਗਾਸ ਸੋਸ਼ਲ ਵੈੱਲਫੇਅਰ ਕੌਂਸਲ ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਸ਼ਹੀਦ ਦੇ ਸਪੁੱਤਰ ਸ. ਮਨਪ੍ਰੀਤ ਸਿੰਘ, ਪੰਚਾਇਤ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਇਹ ਤ੍ਰਿਵੈਣੀ ਲਗਾਈ ਹੈ ਇਸ ਮੌਕੇ ਗੱਲ ਕਰਦਿਆਂ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਕੈਸ਼ੀਅਰ ਸ. ਲੈਹਿੰਬਰ ਸਿੰਘ ਜਲਵਾਹਾ ਅਤੇ ਸ. ਮਹਿੰਦਰ ਸਿੰਘ ਤੂਰ ਨੇ ਕਿਹਾ ਕਿ ਆਪਾਂ ਸ. ਸੁਰਿੰਦਰ ਸਿੰਘ ਦੇ ਸ਼ਹੀਦ ਹੋਣ ਨਾਲ ਪਰਿਵਾਰ ਨੂੰ ਜੋ ਘਾਟਾ ਪਿਆ ਹੈ ਉਸ ਨੂੰ ਪੂਰਾ ਤਾਂ ਨਹੀਂ ਕਰ ਸਕਦੇ ਪ੍ਰੰਤੂ ਇਹ ਤ੍ਰਿਵੈਣੀ ਲਗਾ ਕੇ ਇਸ ਦਾ ਪਾਲਣ ਪੋਸ਼ਣ ਕਰ ਕੇ ਜਿੱਥੇ ਸ਼ਹੀਦ ਦੀ ਯਾਦ ਨੂੰ ਘੱਟੋ ਘੱਟ ਦੋ ਤਿੰਨ ਪੀੜ੍ਹੀਆਂ ਤੱਕ ਤਾਂ ਤਾਜ਼ਾ ਰੱਖ ਸਕਦੇ ਹਾਂ ਉੱਥੇ ਵਾਤਾਵਰਣ ਨੂੰ ਬਚਾਉਣ ਵਿੱਚ ਵੀ ਆਪਣਾ ਬਣਦਾ ਯੋਗਦਾਨ ਪਾ ਰਹੇ ਹਾਂ। ਇਸ ਮੌਕੇ ਸ਼ਹੀਦ ਦੇ ਸਪੁੱਤਰ ਸ. ਮਨਪ੍ਰੀਤ ਸਿੰਘ ਵਲੋਂ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਦੇ ਸਾਥੀਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹਨਾਂ ਬੂਟਿਆਂ ਦਾ ਪਾਲਣ ਪੋਸ਼ਣ ਸਾਰੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ ਅਤੇ ਇਸ ਤ੍ਰਿਵੈਣੀ ਨੂੰ ਕਾਮਯਾਬ ਕਰ ਕੇ ਪਿਤਾ ਜੀ ਯਾਦ ਨੂੰ ਹਮੇਸ਼ਾ ਲਈ ਤਾਜ਼ਾ ਰੱਖਿਆ ਜਾਵੇਗਾ। ਇਸ ਮੌਕੇ ਆਸ ਸੋਸ਼ਲ ਵੈੱਲਫੇਅਰ ਸੁਸਾਇਟੀ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਤੂਰ ਛੋਕਰਾਂ ਦੇ ਨਾਲ ਸ. ਲੈਹਿੰਬਰ ਸਿੰਘ ਜਲਵਾਹਾ, ਸ਼?ਰੀ ਰਜਿੰਦਰ ਨਾਥ ਸ਼ਰਮਾ, ਸ. ਮਹਿੰਦਰ ਸਿੰਘ ਤੂਰ, ਸ਼ਹੀਦ ਦਾ ਬੇਟਾ ਮਨਪ੍ਰੀਤ ਸਿੰਘ, ਬਾਬਾ ਪ੍ਰੇਮ ਪ੍ਰਕਾਸ਼ ਸਿੰਘ ਪਰਮਿੰਦਰ ਸਿੰਘ, ਰਘਬੀਰ ਸਿੰਘ, ਕੁਲਵੰਤ ਸਿੰਘ, ਮਹਿੰਦਰ ਸਿੰਘ, ਗਗਨਜੀਤ ਸਿੰਘ, ਤੇਜਬੀਰ ਸਿੰਘ, ਸੁਖਜਿੰਦਰ ਸਿੰਘ ਅਤੇ ਹੋਰ ਪਿੰਡ ਵਾਸੀ ਹਾਜ਼ਰ ਸਨ।

# ਸਰਕਾਰੀ ਹਾਈ ਸਕੂਲ ਕਮਾਲਪੁਰ 'ਚ ਲੀਗਲ ਲਿਟਰੇਸੀ ਸਬੰਧੀ ਸੈਮੀਨਾਰ ਦਾ ਆਯੋਜਨ

**• ਦਿੜ੍ਹਬਾ ਮੰਡੀ**



ਸਰਕਾਰੀ ਹਾਈ ਸਕੂਲ ਕਮਾਲਪੁਰ ਸਕੂਲ ਦੇ ਲੀਗਲ ਲਿਟਰੇਸੀ ਕਲੱਬ ਵੱਲੋਂ ਮੁਫਤ ਕਾਨੂੰਨੀ ਸਹਾਇਤਾ ਸਬੰਧੀ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਲੀਗਲ ਲਿਟਰੇਸੀ ਕਲੱਬ ਦੇ ਨੋਡਲ ਅ਼ਫਸਰ ਮੰਗਲ ਸਿੰਘ ਨੇ ਵਿਦਿਆਰਥੀਆਂ ਨੂੰ ਲੀਗਲ ਲਿਟਰੇਸੀ ਕਲੱਬ ਦੀ ਮਹਤੱਤਾ ਸਬੰਧੀ ਜਾਣਕਾਰੀ ਦਿੰਦਿਆਂ ਮੁਫਤ ਕਾਨੂੰਨੀ ਸਹਾਇਤਾ ਬਾਰੇ ਦੱਸਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕੋਈ ਵੀ ਵਿਅਕਤੀ ਘਰੇਲੂ ਜਾਂ ਬਾਹਰੀ ਝਗੜਿਆਂ ਸਬੰਧੀ ਮੁ਼ਫਤ ਕਾਨੂੰਨੀ ਸਹਾਇਤਾ ਲੈ ਕੇ ਬਿਨਾਂ ਕਿਸੇ ਖ਼ਰਚੇ ਦੇ ਅਜਿਹੇ ਝਗੜਿਆਂ ਨੂੰ ਨਿਬੇੜ ਸਕਦਾ ਹੈ। ਉਹਨਾਂ ਨੇ ਕਿਹਾ ਕਿ ਸਮਾਜ ਦੇ ਕੰਮਜ਼ੋਰ ਵਰਗਾਂ ਜਾਂ ਲੋੜਵੰਦਾਂ ਨੂੰ ਸਰਕਾਰ ਵੱਲੋਂ ਦਿੱਤੀ ਜਾਂਦੀ ਮੁਫਤ ਕਾਨੂੰਨੀ ਸਹਾਇਤਾ ਦੀ ਜਾਣਕਾਰੀ ਸਮਾਜ ਵਿੱਚ ਪਹੁੰਚਾਉਣ ਵਿੱਚ ਇਹ ਕਲੱਬ ਅਹਿਮ ਭੂਮਿਕਾ ਨਿਭਾ ਰਹੇ ਹਨ। ਇਸ ਮੌਕੇ ਸਕੂਲ ਮੁਖੀ ਡਾ. ਪਰਮਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਬਾਰੇ ਅਤੇ ਅਦਾਲਤ ਵੱਲੋਂ ਵੱਖ-ਵੱਖ ਤਰ੍ਹਾਂ ਦੇ ਕੇਸਾਂ ਨੂੰ ਗੱਲਬਾਤ ਰਾਹੀਂ ਸੁਲਝਾਏ ਜਾਣ ਬਾਰੇ ਦੱਸਿਆ। ਇਸ ਮੌਕੇ ਸਕੂਲ ਮੁਖੀ ਡਾ. ਪਰਮਿੰਦਰ ਸਿੰਘ, ਲਖਵੀਰ ਸਿੰਘ (ਸਾਇੰਸ ਮਾਸਟਰ), ਰਮਨਦੀਪ ਸਿੰਘ (ਡੀ.ਪੀ.ਈ.)? ਅਤੇ ਮੰਗਲ ਸਿੰਘ (ਸਸ? ਮਾਸਟਰ) ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀ ਮੌਜੂਦ ਸਨ।

# ਕੌਂਸਲਰ ਦਲਜੀਤ ਸਿੰਘ ਕੈਂਥ ਨੇ ਵੀ ਆਮ ਆਦਮੀ ਪਾਰਟੀ ਜੋਆਇੰਨ ਕਰਨ ਦੀ ਗੱਲ ਨੂੰ ਨਕਾਰਿਆ



**• ਸ੍ਰੀ ਆਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ**

■ ਕੈਂਥ ਨੇ ਕਿਹਾ, ਕਿ ਉਹ ਕਾਂਗਰਸ ਪਾਰਟੀ ਤੇ ਸਾਬਕਾ ਸਪੀਕਰ ਰਾਣਾ ਕੇਪੀ ਸਿੰਘ ਦੇ ਹਨ ਵ਼ਫਾਦਾਰ ਸਿਪਾਹੀ

ਕੁਝ ਦਿਨ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਨਗਰ ਕੌਂਸਲ ਦੇ ਪ੍ਰਧਾਨ ਹਰਜੀਤ ਸਿੰਘ ਜੀਤਾ ਸਣੇ 9 ਕੌਂਸਲਰਾਂ ਵੱਲੋਂ ਆਮ ਆਦਮੀ ਪਾਰਟੀ ਚ ਸ਼ਾਮਿਲ ਹੋਣ ਸਬੰਧੀ ਜਾਣਕਾਰੀ ਸਥਾਨਕ ਵਿਧਾਇਕ ਅਤੇ ਕੈਬਿਨੇਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਫੇਸਬੁੱਕ ਪੇਜ਼ ਤੇ ਸਾਂਝੀ ਕੀਤੀ ਗਈ ਸੀ ਅਤੇ ਆਮ ਲੋਕਾਂ ਵੱਲੋ ਸ਼੍ਰੀ ਆਨੰਦਪੁਰ ਸਾਹਿਬ ਦੀ ਸਿਆਸਤ ਵਿੱਚ ਇਸਨੂੰ ਵੱਡੇ ਘਟਨਾਕ੍ਰਮ ਵਜੋਂ ਦੇਖਿਆ ਜਾ ਰਿਹਾ ਸੀ। ਪ੍ਰੰਤੂ ਬੀਤੇ ਕੱਲ੍ਹ ਵਾਰਡ ਨੰਬਰ 8 ਦੇ ਕੌਂਸਲਰ ਪਰਮਵੀਰ ਸਿੰਘ ਰਾਣਾ ਵੱਲੋ ਜਿੱਥੇ ਆਮ ਆਦਮੀ ਪਾਰਟੀ ਜੋਇਨ ਕਰਨ ਸਬੰਧੀ ਆਪਣਾ ਸਪੱਸ਼ਟੀਕਰਨ ਦਿੰਦੇ ਹਾਂ ਇਸ ਗੱਲ ਨੂੰ ਮੁੱਢ ਤੋਂ ਨਕਾਰਿਆ ਗਿਆ ਉੱਥੇ ਹੀ ਅੱਜ ਇਕ ਹੋਰ ਕੌਂਸਲਰ ਦਲਜੀਤ ਸਿੰਘ ਕੈਂਥ ਵਾਰਡ ਨੰਬਰ 6 ਨੇ ਵੀ ਬੀਤੇ ਦਿਨੀ ਹੋਏ ਘਟਨਾਕ੍ਰਮ ਸਬੰਧੀ ਸਪਸ਼ਟੀਕਰਨ ਦਿੰਦਿਆਂ ਆਮ ਆਦਮੀ ਪਾਰਟੀ ਜੁਆਈਨ ਕਰਨ ਦੀ ਗੱਲ ਨੂੰ ਮੁੱਢੋਂ ਨਕਾਰਿਆ ਹੈ। ਕੈਥ ਨੇ ਕਿਹਾ ਕਿ ਉਹ ਕਾਂਗਰਸ ਪਾਰਟੀ ਅਤੇ ਸਾਬਕਾ ਸਪੀਕਰ ਸਿੰਘ ਦੇ ਵ਼ਫਾਦਾਰ ਸਿਪਾਹੀ ਹਨ। ਉਨ੍ਹਾਂ ਕਿਹਾ ਕਿ ਉਹ ਸ਼ਹਿਰ ਦੇ ਵਿਕਾਸ ਦੇ ਲਈ ਸਥਾਨਕ ਵਿਧਾਇਕ ਅਤੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਮਿਲਣ ਦੇ ਲਈ ਗਏ ਸਨ ਤੇ ਮੰਤਰੀ ਸਾਹਿਬ ਵੱਲੋਂ ਉਹਨਾਂ ਨੂੰ ਬਣਦਾ ਮਾਣ ਸਨਮਾਨ ਵੀ ਦਿੱਤਾ ਗਿਆ ਸੀ। ਉਨ੍ਹਾਂ ਕਿਹਾ ਕਿ ਬਤੌਰ ਕੌਂਸਲਰ ਉਹ ਸ਼ਹਿਰ ਦੇ ਵਿਕਾਸ ਦੇ ਲਈ ਸਦਾ ਹੀ ਆਪਣੀ ਬਣਦੀ ਭੂਮਿਕਾ ਨਿਭਾਉਣਗੇ ਪ੍ਰੰਤੂ ਜਿੱਥੋਂ ਤੱਕ ਪਾਰਟੀ ਬਦਲਣ ਦੀ ਗੱਲ ਹੈ ਇਹ ਬਿਲਕੁਲ ਗਲਤ ਹੈ ਕਿਉਂਕਿ ਉਹ ਕਾਂਗਰਸ ਪਾਰਟੀ ਦੇ ਵਿਚ ਹੀ ਹਨ।

# ਲਦਾਰ ਨੇ ਪੌਦੇ ਲਗਾ ਕੇ ਵਾਤਾਵਰਣ ਸੰਤੁਲਨ ਬਰਕਰਾਰ ਰੱਖਣ ਦਾ ਦਿੱਤ ਸੁਨੇਹਾ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**



ਬਾਦਲ ਦੀਨ ਤਹਿਸੀਲਦਾਰ ਸ੍ਰੀ ਅਨੰਦਪੁਰ ਸਾਹਿਬ ਨੇ ਅੱਜ ਐਸ.ਡੀ.ਐਮ ਦਫਤਰ ਸ੍ਰੀ ਅਨੰਦਪੁਰ ਸਾਹਿਬ ਤੋਂ ਪੌਦੇ ਲਗਾ ਕੇ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਦੀ ਸੁਰੂਆਤ ਕੀਤੀ। ਉਹਨਾਂ ਕਿਹਾ ਕਿ ਪੌਦੇ ਲਗਾਉਣ ਨਾਲ ਵਾਤਾਵਰਣ ਹਰਿਆ ਭਰਿਆ ਹੋਵੇਗਾ ਤੇ ਇਸ ਨਾਲ ਜਿਥੇ ਵਾਤਾਵਰਣ ਵਿੱਚ ਪ੍ਰਦੂਸ਼ਣ ਘਟੇਗਾ ਉਥੇ ਹਰਿਆਲੀ ਵੱਧਣ ਨਾਲ ਪੌਣ ਪਾਣੀ ਵੀ ਸਾਫ ਸੁਧਰਾ ਹੋ ਜਾਵੇਗਾ, ਇਸ ਲਈ ਵਾਤਾਵਰਣ ਦਾ ਸੰਤੁਲਨ ਰੱਖਣਾ ਬਹੁਤ ਜਰੂਰੀ ਹੈ। ਉਹਨਾਂ ਕਿਹਾ ਕਿ ਹਰ ਕਿਸੇ ਨੂੰ ਰੁੱਖ ਲਗਾਉਣੇ ਅਤੇ ਉਹਨਾਂ ਦੀ ਸਾਂਭ ਸੰਭਾਲ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਸਾਂਝੀਆਂ ਥਾਵਾਂ ਅਤੇ ਆਪਣੇ ਚੌਗਿਰਦੇ ਵਿੱਚ ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਅੱਜ ਦੇ ਸਮੇਂ ਦੀ ਇਹ ਵੱਡੀ ਜਰੂਰਤ ਹੈ, ਇਸ ਨਾਲ ਸਾਡੇ ਭਵਿੱਖ ਦੀਆਂ ਨਸਲਾਂ ਪ੍ਰਦੂਸ਼ਣ ਤੋਂ ਰਹਿਤ ਹੋਣਗੀਆਂ ਤੇ ਅਸੀਂ ਆਪਣੇ ਬੱਚਿਆ ਨੂੰ ਸਾਫ ਸੁਧਰਾ ਵਾਤਾਵਰਣ ਤੇ ਪੌਣ ਪਾਣੀ ਦੇਣ ਦੇ ਸਮਰੱਥ ਹੋਵਾਗੇ। ਉਨ੍ਹਾਂ ਨੇ ਕਿਹਾ ਕਿ ਹਰੇ ਭਰੇ ਪੌਦੇ ਆਕਸੀਜਨ ਦਿੰਦੇ ਹਨ ਜੋ ਮਨੁੱਖ ਦੀ ਸਿਹਤ ਲਈ ਬਹੁਤ ਜਰੂਰੀ ਹੈ। ਇਸ ਮੌਕੇ ਵਣ ਰੇਂਜ ਅਧਿਕਾਰੀ ਅਮਰਜੀਤ ਸਿੰਘ ਵੀ ਹਾਜ਼ਰ ਸਨ।

# ਪੰਜਾਬ ’ਚ ਨਿਕਲ ਰਿਹਾ ਹੈ ਕਾਨੂੰਨ ਵਿਵਸਥਾ ਦਾ ਜਨਾਜਾ : ਸੁਨੀਲ ਜਾਖੜ

## ਫਾਜ਼ਿਲਕਾ ਕਾਂਗਰਸ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰੰਜਮ ਕਾਮਰਾ ਅਤੇ ਕਾਂਗਰਸ ਦੇ ਕਈ ਨੇਤਾ ਭਾਜਪਾ ’ਚ ਸ਼ਾਮਲ




• ਚੰਡੀਗੜ੍ਹ

ਸੂਬਾ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਹੈ ਕਿ ਹਜ਼ਾਰਾਂ ਨੌਜਵਾਨਾਂ ਨੂੰ ਸਨਮਾਨਜਨਕ ਰੁਜ਼ਗਾਰ ਦੇਣ ਦਾ ਦਾਅਵਾ ਕਰਨ ਵਾਲੀ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਅਸਲੀ ਚਿਹਰਾ ਇਸ ਰਿਪੋਰਟ ਤੋਂ ਸਭ ਦੇ ਸਾਹਮਣੇ ਆ ਗਿਆ ਹੈ ਕਿ ਹੋਸ਼ਿਆਰਪੁਰ ਵਿੱਚ ਸੀਵਰਮੈਨ ਅਤੇ ਸਫਾਈ ਕਰਮਚਾਰੀ ਦੇ ਰੂਪ ਵਿੱਚ ਰੋਜ਼ਗਾਰ ਹਾਸਲ ਕਰਨ ਲਈ 160 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਪਹੁੰਚੇ ਨੌਜਵਾਨਾਂ ਵਿੱਚ ਇਕ ਸਿਵਲ ਇੰਜੀਨੀਅਰ ਅਤੇ ਐਮਸੀਏ ਤੱਕ ਪੜ੍ਹੇ ਲਿਖੇ ਨੌਜਵਾਨ ਵੀ ਸ਼ਾਮਲ ਹਨ।

ਸੁਨੀਲ ਜਾਖੜ ਅੱਜ ਸੂਬਾ ਹੈੱਡਕੁਆਰਟਰ ਵਿਖੇ ਆਯੋਜਿਤ ਇਕ ਪ੍ਰੋਗਰਾਮ ਵਿਚ ਆਪਣੇ ਵਿਚਾਰ ਪੇਸ਼ ਕਰ ਰਹੇ ਸਨ। ਇਸ ਮੌਕੇ ਪੰਜਾਬ ਬ੍ਰਾਹਮਣ ਸਭਾ ਅਤੇ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਦੇ ਸਾਬਕਾ ਪ੍ਰਧਾਨ ਕਿਸ਼ੋਰ ਚੰਦ ਸ਼ਰਮਾ ਅੰਮਿ?ਤਸਰ ਦੇ ਪੋਤਰੇ ਰਾਜਵੀਰ ਸ਼ਰਮਾ, ਫਾਜ਼ਿਲਕਾ ਜ਼ਿਲ੍ਹਾ ਕਾਂਗਰਸ ਦੇ ਸਾਬਕਾ ਨੌਜਵਾਨ ਪ੍ਰਧਾਨ ਰੰਜਮ ਕਾਮਰਾ, ਪੱਛੜੀਆਂ ਜਾਤੀਆਂ ਕਮਿਸ਼ਨ ਦੇ ਸਾਬਕਾ ਸੀਨੀਅਰ ਉਪ ਪ੍ਰਧਾਨ ਸੁਖਵਿੰਦਰ ਸਿੰਘ ਕਾਕਾ ਕੰਬੋਜ ਆਦਿ ਨੇ ਭਾਜਪਾ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ। ਇਸ ਮੌਕੇ ਫਾਜ਼ਿਲਕਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਧੂੜੀਆ, ਅੰਮਿ?ਤਸਰ ਜ਼ਿਲ੍ਹਾ ਭਾਜਪਾ ਦੇ ਪ੍ਰਧਾਨ ਹਰਵਿੰਦਰ ਸਿੰਘ ਸਿੱਧੂ ਅਤੇ ਸਾਬਕਾ ਸੰਸਦੀ ਸਕੱਤਰ ਜਗਦੀਪ ਨੱਕਈ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮਚਾਰੀ ਸਾਡੇ ਭਰਾ ਹਨ ਅਤੇ ਕੋਈ ਵੀ ਕੰਮ ਛੋਟਾ ਨਹੀਂ ਹੁੰਦਾ। ਪਰ ਇੰਨੀ ਉੱਚ ਸਿੱਖਿਆ ਹਾਸਲ ਕਰਨ ਦੇ ਬਾਵਜੂਦ ਜੇਕਰ ਉਨ੍ਹਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਨਹੀਂ ਮਿਲਦਾ ਤਾਂ ਇਹ ਸਾਡੇ ਸਿਸਟਮ ਦੇ ਮੱਥੇ ’ਤੇ ਕਲੰਕ ਹੈ। ਹੁਣ ਵੀ ਕਈ ਥਾਵਾਂ ’ਤੇ ਸੀਵਰਮੈਨ ਅਤੇ ਸਵੀਪਰਾਂ ਨੂੰ ਸੀਵਰੇਜ ਹਾਲ ’ਚ ਦਾਖਲ ਹੋ ਕੇ ਇਸ ਦੀ ਸਫ਼ਾਈ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਉਨ੍ਹਾਂ ਨੂੰ ਉਚਿਤ ਸਾਜ਼ੋ-ਸਾਮਾਨ ਅਤੇ ਸਹੂਲਤਾਂ ਮੁਹੱਈਆ ਨਹੀਂ ਕਰਵਾਈਆਂ ਜਾ ਰਹੀਆਂ। ਲੱਖਾਂ ਰੁਪਏ ਖਰਚਣ ਦੇ ਬਾਵਜੂਦ ਜੇਕਰ ਉਚੇਰੀ ਸਿੱਖਿਆ ਦੇ ਮੁਕਾਮ ’ਤੇ ਪਹੁੰਚ ਚੁੱਕੇ ਨੌਜਵਾਨਾਂ ਨੂੰ ਰੁਜ਼ਗਾਰ ਨਹੀਂ ਮਿਲ ਰਿਹਾ ਤਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਝੂਠੇ ਦਾਅਵੇ ਅਤੇ ਪ੍ਰਚਾਰ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਅਮਨ-ਕਾਨੂੰਨ ਦੀ ਸਥਿਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਪਹਿਲਾਂ ਤਾਂ ਗੈਂਗਸਟਰ ਅਤੇ ਉਨ੍ਹਾਂ ਦੇ ਸਰਗਨੇ ਵੱਡੇ ਕਾਰੋਬਾਰੀਆਂ ਜਾਂ ਅਧਿਕਾਰੀਆਂ ਨੂੰ ਫੋਨ ਕਰਕੇ ਫਿਰੌਤੀ ਲਈ ਧਮਕੀਆਂ ਦਿੰਦੇ ਸਨ, ਪਰ ਹੁਣ ਮੌੜਮੰਡੀ ਦੇ ਇਕ ਛੋਟੇ ਜਿਹੇ ਪਿੰਡ ਦੇ ਸਰਪੰਚ ਨੇ ਸ਼ਿਕਾਇਤ ਕੀਤੀ ਹੈ ਕਿ ਉਸ ਕੋਲੋਂ 50 ਲੱਖ ਰੁਪਏ ਲਏ ਗਏ ਹਨ। ਪੈਸੇ ਦੀ ਮੰਗ ਕੀਤੀ ਗਈ ਅਤੇ ਨਾ ਦੇਣ ’ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ। ਜਦੋਂ ਸਰਪੰਚ ਨੇ ਥਾਣੇ ਪਹੁੰਚ ਕੇ ਇਸ ਸਬੰਧੀ ਜਾਣਕਾਰੀ ਦਿੱਤੀ ਤਾਂ ਉਸ ਨੂੰ ਦੁਬਾਰਾ ਫ਼ੋਨ ਆਇਆ ਕਿ ਇਨਕਾਰ ਕਰਨ ਦੇ ਬਾਵਜੂਦ ਤੁਸੀਂ ਸਾਡੇ ਫ਼ੋਨ ਦੀ ਸੂਚਨਾ ਪੁਲਿਸ ਅਤੇ ਸੀ.ਆਈ.ਏ ਸਟਾਫ਼ ਨੂੰ ਦੇ ਦਿੱਤੀ ਹੈ। ਹੁਣ ਤੁਸੀਂ ਅਤੇ ਤੁਹਾਡੇ ਪਰਿਵਾਰ ਦਾ ਅੰਤ ਹੋ ਜਾਵੇਗਾ। ਅਮਨ-ਕਾਨੂੰਨ ਦੀ ਸਥਿਤੀ ਵਿਗੜਨ ਦੀ ਇਸ ਤੋਂ ਵੱਡੀ ਮਿਸਾਲ ਕੀ ਹੋ ਸਕਦੀ ਹੈ। ਸਰਕਾਰ ਆਮ ਆਦਮੀ ਦੀ ਨਹੀਂ ਸਗੋਂ ਕਿਸੇ ਵਿਸ਼ੇਸ਼ ਵਿਅਕਤੀ ਦੀ ਬਣੀ ਜਾਪਦੀ ਹੈ ਅਤੇ ਰੰਗਲੇ ਪੰਜਾਬ ਦਾ ਸੁਪਨਾ ਦੇਖਣ ਵਾਲੇ ਸਿਆਸਤਦਾਨਾਂ ਦੀ ਨਾਕਾਮੀ ਕਾਰਨ ਸੂਬੇ ਨੂੰ ਨਿਘਾਰ ਵੱਲ ਧੱਕਿਆ ਜਾ ਰਿਹਾ ਹੈ। ਪ੍ਰਸ਼ਾਸਨ ਨਾਂ ਦੀ ਕੋਈ ਚੀਜ਼ ਨਹੀਂ ਹੈ। ਸਮੇਂ ਸਿਰ ਨਾ ਦੇਖਿਆ ਤਾਂ ਮਾੜੇ ਦਿਨ ਆਉਣੇ ਯਕੀਨੀ ਹਨ। ਸੂਬਾ ਭਾਜਪਾ ਪ੍ਰਧਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੀਆਂ ਕਮੀਆਂ ਨੂੰ ਲੁਕਾਉਣ ਲਈ ਦਿੱਲੀ ਵਿੱਚ ਲੈਫਟੀਨੈਂਟ ਗਵਰਨਰ ਨਾਲ ਟਕਰਾਅ ਦਾ ਜੋ ਤਰੀਕਾ ਅਪਣਾਇਆ ਹੈ, ਪੰਜਾਬ ਵਿੱਚ ਵੀ ਉਸੇ ਤਰ੍ਹਾਂ ਦੀ ਨਕਲ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਹ ਮੰਦਭਾਗਾ ਹੈ। ਕਿਸੇ ਵੀ ਪਾਰਟੀ ਨੂੰ ਸੰਵਿਧਾਨ ਨੂੰ ਤੋੜਨ ਦਾ ਕੋਈ ਅਧਿਕਾਰ ਨਹੀਂ ਹੈ। ਪੰਜਾਬ ਸਰਕਾਰ ਨੂੰ ਰਾਜਪਾਲ ਨਾਲ ਟਕਰਾਉਣ ਦੀ ਬਜਾਏ ਸੂਬੇ ਵਿੱਚ ਬੇਰੁਜ਼ਗਾਰੀ ਅਤੇ ਅਮਨ-ਕਾਨੂੰਨ ਵਰਗੀਆਂ ਵੱਡੀਆਂ ਚੁਣੌਤੀਆਂ ਨਾਲ ਨਜਿੱਠਣ ਵੱਲ ਧਿਆਨ ਦੇਣਾ ਚਾਹੀਦਾ ਹੈ।

## ਸੁਣ ਵੇ ਦਿਲਾ ਤੈਨੂੰ ਇੱਕ ਗੱਲ ਦੱਸਾਂ, ਕੈਸਾ ਇਹ ਤੇਰਾ ਦੇਸ਼।



ਇੱਥੇ ਢਿੱਡਾਂ ਵਿੱਚ ਬੇਈਮਾਨੀਆਂ, ਉਂਜ ਦਿੱਸਣ ਦਰਵੇਸ਼ ।
ਇੱਥੇ ਘਰ ਘਰ ਵਿੱਚ ਭੁੱਖ ਵੱਸਦੀ,
ਤੇ ਰਹਿੰਦੀ ਕਲਾ ਕਲੇਸ਼।
ਇੱਥੇ ਕੁੱਖ ’ਚ ਧੀਆਂ ਮਾਰ ਦੇਣ,
ਤੇ ਵਾੜ ਹੀ ਖਾਵੇ ਖੇਤ।
ਇੱਥੇ ਰਾਜੇ ਜ਼ੁਲਮ ਕਮਾਂਵਦੇ,
ਤੇ ਖੇਡਣ ਮੰਦੜੇ ਖੇਲ।
ਇੱਥੇ ਕਲੀਆਂ ਜਾਣ ਮਧੋਲੀਆਂ,
ਤੇ ਰਤਾ ਨਾ ਕਰਨ ਦਰੇਗ।
ਇੱਥੇ ਧੀਆਂ ਜਾਵਣ ਸਾੜੀਆਂ,
ਤੇ ਪਾ ਮਿੱਟੀ ਦਾ ਤੇਲ।
ਇੱਥੇ ਸਹਿਮੀ ਸਹਿਮੀ ਜ਼ਿੰਦਗੀ,
ਜੋ ਸਿੱਸਕੀਆਂ ਰਹੀ ਖਲੇਰ।
ਇੱਥੇ ਰਾਂਝੇ ਕੈਦੋਂ ਹੋ ਗਏ,
ਤੇ ਗਈ ਹੀਰ ਵੀ ਅੱਖਾਂ ਫੇਰ।
ਇੱਥੇ ਝੂਠੀਆਂ ਰਹਿ ਗਈਆਂ ਯਾਰੀਆਂ,
ਤੇ ਰਹਿ ਗਏ ਵ?ਲ ਫ਼ਰੇਬ।
ਇੱਥੇ ਕਾਲੇ ਦਿਨ ਨਿੱਤ ਚੜ੍ਹਦੇ,
ਤੇ ਸਹਿਮੀ ਚੜ੍ਹੇ ਸਵੇਰ।
ਇੱਥੇ ਪਿਆਰ ਮੁੱਹਬਤਾਂ ਰਹਿ ਗਈਆਂ,
ਬੱਸ ਪੈਸੇ ਦਾ ਖੇਲ?।
ਇੱਥੇ ਹਾਕਮ ਅਜਗਰ ਹੋ ਗਏ,
ਖਾ ਜਾਵਣ ਬੂਟਾ ਵੇਲ।
ਇੱਥੇ ਵਿੱਹਲੜ ਮੌਜਾਂ ਮਾਣਦੇ,
ਤੇ ਰਹੀ ਮਿਹਨਤ ਹੰਝੂ ਕੇਰ।
ਇੱਥੇ ਭਾਈ ਲੀਰੋ ਲੀਰ ਵੇ,
ਤੇ ਖ਼ੂਨ ਦੇ ਲਾਵਣ ਢੇਰ।
ਇੱਥੇ ਰਿਸ਼ਤੇ ਜਾਵਣ ਟੁੱਟਦੇ,
ਤੇ ਰਤਾ ਨਾ ਲੱਗਦੀ ਦੇਰ।
ਇਹ ਮੂਰਤ ਮੇਰੇ ਦੇਸ਼ ਦੀ,
ਤੇ ਦਿੱਲ ਹਿੱਲ ਜਾਂਦਾ ਇੱਕ ਵੇਰ।
ਕੀ ਹੋ ਗਿਆ ਏਸ ਸਮਾਜ ਨੂੰ,
ਕਿਉਂ ਕਿਸਮਤ ਗਈ ਮੂੰਹ ਫੇਰ।
ਜਾ ਰੱਬਾ ਮੇਰੇ ਦੇਸ਼ ਵਿੱਚ,
ਮੁੜ ਲਿਆਵੀਂ ਨਵੀਂ ਸਵੇਰ।
ਇੱਥੇ ਮਿਹਨਤ ਨੂੰ ਫ਼ਲ ਲੱਗਣ,
ਤੇ ਚਹਿਕੇ ਜ਼ਿੰਦਗੀ ਫੇਰ।
ਇੱਥੇ ਮਿਹਨਤ ਨੂੰ ਫ਼ਲ ਲੱਗਣ,
ਤੇ ਚਹਿਕੇ ਜ਼ਿੰਦਗੀ ਫੇਰ।

**ਅਮਰਜੀਤ ਥਾਪਾ,**
51/2 ਮਾਡਲ ਟਾਊਨ, ਦੀਨਾਨਗਰ (ਗੁਰਦਾਸਪੁਰ) ।

## ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਐਂਡ ਮੈਨੇਜਮੈਂਟ ਵਿਭਾਗ ਨੇ ਕਰਵਾਇਆ ਗੈਸਟ ਲੈਕਚਰ




• ਸ੍ਰੀ ਅਨੰਦਪੁਰ ਸਾਹਿਬ/ ਦਵਿੰਦਰਪਾਲ ਸਿੰਘ

ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਉੱਘੀ ਸੰਸਥਾ ਸ੍ਰੀ ਗੁਰੂ ਤੇਗ਼ ਬਹਾਦਰ ਖ਼ਾਲਸਾ ਕਾਲਜ ਦੇ ਪੋਸਟ ਗ੍ਰੈਜੂਏਟ ਕਾਮਰਸ ਵਿਭਾਗ ਵੱਲੋਂ ਪ੍ਰਿੰਸੀਪਲ ਡਾ8 ਜਸਵੀਰ ਸਿੰਘ ਦੇ ਦਿਸ਼ਾ ਨਿਰਦੇਸ਼ ਅਧੀਨ ਕੈਰੀਅਰ ਗਾਈਡੈਂਸ ਦੇ ਸੰਬੰਧ ਵਿੱਚ ਗੈਸਟ ਲੈਕਚਰ ਕਰਵਾਇਆ, ਜਿਸ ਵਿੱਚ ਸ8 ਮਨਿੰਦਰ ਸਿਘ ਚੇਅਰਪਰਸਨ ਸੀ8ਐਮ8ਏ8 ਨਯਾ ਨੰਗਲ ਚੈਪਟਰ ਨੇ ਵਿਦਿਆਰਥੀਆਂ ਨੂੰ ਬੀ8ਕਾਮ8 ਦੀ ਪੜ੍ਹਾਈ ਕਰਦੇ ਹੋਏ ਹੀ ਸੀ8ਐਮ8ਏ8 ਵਿੱਚ ਰਜਿਸਟਰ ਹੋਣ ਦੇ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਬਹੁਤ ਸਾਰੇ ਵਿਦਿਆਰਥੀਆਂ ਜੋ ਚਾਰਟਡ ਅਕਾਊਂਟੈਂਟਸ ਬਣਨ ਦੇ ਚਾਹਵਾਨ ਹਨ, ਉਹ ਸੀ8ਐਮ8ਏ8 ਨੂੰ ਵੀ ਆਪਣੇ ਕੈਰੀਅਰ ਦੀ ਤਰ੍ਹਾਂ ਅਪਣਾ ਸਕਦੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਕਾਸਟ ਅਤੇ ਮੈਨੇਜਮੈਂਟ ਦੇ ਖੇਤਰ ਵਿੱਚ ਆਪਣਾ ਕੈਰੀਅਰ ਚੁਨਣ ਦੇ ਤਰੀਕੇ, ਅਪਲਾਈ ਕਰਨ ਦਾ ਢੰਗ ਸੀ8ਐਮ8ਏ8 ਫਾਊਂਡੇਸ਼ਨ, ਇੰਟਰਮੀਡੀਏਟ ਅਤੇ ਫਾਈਨਲ ਵਿੱਚ ਪੜ੍ਹੇ ਜਾਣ ਵਾਲੇ ਵਿਸ਼ੇ ਬਾਰੇ ਵਿਸ਼ੇਸ਼ ਰੂਪ ਵਿੱਚ ਚਾਨਣਾ ਪਾਇਆ। ਉਨ੍ਹਾਂ ਨੇ ਚਾਹਵਾਨ ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਸੰਭਵ ਮਦਦ ਦੇਣ ਦਾ ਭਰੋਸਾ ਦਿਵਾਇਆ।

ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਵਿਭਾਗ ਦੇ ਮੁਖੀ ਡਾ8 ਮਨਜੀਤ ਸਿੰਘ ਨੇ ਉਨ੍ਹਾਂ ਦਾ ਸਵਾਗਤ ਕਰਦੇ ਹੋਏ ਦੱਸਿਆ ਕਿ ਕਿਵੇਂ ਸ੍ਰੀ ਮਨਿੰਦਰ ਸਿੰਘ ਜੀ ਨੇ ਔਕੜਾਂ ਦਾ ਸਾਹਮਣਾ ਕਰਦੇ ਹੋਏ ਸੀ8ਐਮ8ਏ8 ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ8 ਜਸਵੀਰ ਸਿੰਘ ਨੇ ਪ੍ਰੋਗਰਾਮ ਦੀ ਸ਼ਲਾਘਾ ਕੀਤੀ ਅਤੇ ਵਿਦਿਆਰਥੀਆਂ ਨੂੰ ਅਜਿਹੇ ਹੋਰ ਕੋਰਸ ਕਰਨ ਲਹੀ ਪ੍ਰੇਰਿਤ ਕੀਤਾ। ਇਸ ਮੌਕੇ ਕਾਮਰਸ ਵਿਭਾਗ ਦੇ ਪਹਿਲੇ ਸਾਲ ਦੇ ਵਿਦਿਆਰਥੀ ਅਤੇ ਸਮੂਹ ਸਟਾਫ਼ ਹਾਜ਼ਰ ਸਨ।

## ਸਿੱਖਾ ਦੇ 12 ਵੱਜ ਗਏ’ ਦੇ ਪਿੱਛੇ ਦੀ ਸੱਚਾਈ ਦਾ ਖੁਲਾਸਾ ਕਰਨ ਸਿਲਵਰ ਸਕਰੀਨ ਤੇ ਪੇਸ਼ ਹੋਣ ਜਾ ਰਹੀ ਹੈ ‘ਮਸਤਾਨੇ’! 25 ਅਗਸਤ ਨੂੰ ਹੋਵੇਗੀ ਸਿਨੇਮਾ ਘਰਾਂ ’ਚ ਰਿਲੀਜ਼



• ਚੰਡੀਗੜ੍ਹ

ਅਮਿੱਟ ਹੌਂਸਲੇ ਅਤੇ ਕੁਰਬਾਨੀ ਦੇ ਯੁੱਗ ਨੂੰ ਪਰਦੇ ਪਰ ਦੇਖਣ ਲਈ ਤਿਆਰ ਰਹੋ ਕਿਉਂਕਿ ‘ਮਸਤਾਨੇ’ ਸਿੱਖ ਬਹਾਦਰੀ ਅਤੇ ਹੌਂਸਲਿਆਂ ਦੇ ਮਨਮੋਹਕ ਬਿਰਤਾਂਤ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰਨ ਲਈ ਤਿਆਰ ਹੈ। ਵੇਹਲੀ ਜਨਤਾ ਫਿਲਮਜ਼ ਅਤੇ ਓਮਜੀਜ਼ ਸਿਨੇ ਵਰਲਡ ਦੁਆਰਾ ਪੇਸ਼ ਕੀਤੀ ਗਈ ਬਹੁਉਡੀਕ ਕੀਤੀ ਜਾਣ ਵਾਲੀ ਫਿਲਮ, 25 ਅਗਸਤ 2023 ਨੂੰ ਰਿਲੀਜ਼ ਹੋਣ ਲਈ ਪੂਰੀ ਤਰ੍ਹਾਂ ਤਿਆਰ ਹੈ। ਇਸ ਪ੍ਰੋਜੈਕਟ ਦਾ ਨਿਰਮਾਣ ਮਨਪ੍ਰੀਤ ਜੌਹਲ ਨੇ ਆਸ਼ੂ ਮੁਨੀਸ਼ ਸਾਹਨੀ ਅਤੇ ਕਰਮਜੀਤ ਸਿੰਘ ਜੌਹਲ ਦੇ ਨਾਲ ਮਿਲ ਕੇ ਕੀਤਾ ਅਤੇ ਇਹ ਫਿਲਮ ਸ਼ਰਨ ਆਰਟ ਦੁਆਰਾ ਲਿਖੀ ਅਤੇ ਨਿਰਦੇਸ਼ਿਤ ਕੀਤਾ ਗਈ ਹੈ। ਤਰਸੇਮ ਜੱਸੜ, ਸਿੰਮੀ ਚਾਹਲ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਹਨੀ ਮੱਟੂ, ਅਤੇ ਬਨਿੰਦਰ ਬੰਨੀ ਦੀ ਬਹੁਤ ਹੀ ਪ੍ਰਤਿਭਾਸ਼ਾਲੀ ਕਲਾਕਾਰਾਂ ਨੇ ਮਨਮੋਹਕ ਪੇਸ਼ਕਾਰੀਆਂ ਦਾ ਪ੍ਰਦਰਸ਼ਨ ਕੀਤਾ ਹੈ ਅਤੇ ਦਰਸ਼ਕਾਂ ਨੂੰ ਆਪਣੀ ਅਦਾਕਾਰੀ ਦੇ ਨਾਲ ਹੈਰਾਨ ਕਰਨ ਲਈ ਤਿਆਰ ਹਨ।‘ਮਸਤਾਨੇ’ ਸਿੱਖ ਕੌਮ ਦੀ ਅਣਗਿਣਤ ਵਿਰਾਸਤ ਨੂੰ ਉਜਾਗਰ ਕਰਦੀ ਹੈ, ਨਿਆਂ ਅਤੇ ਆਜ਼ਾਦੀ ਦੇ ਰਾਖਿਆਂ ਵਜੋਂ ਉਹਨਾਂ ਦੇ ਇਤਿਹਾਸ ਵਿੱਚ ਡੂੰਘਾਈ ਨਾਲ ਖੋਜ ਕਰਦੀ ਹੈ। 18ਵੀਂ ਸਦੀ ਵਿੱਚ ਸੈੱਟ ਕੀਤੀ ਗਈ, ਇਹ ਫਿਲਮ ਇਹ ਦਰਸਾਉਂਦੀ ਹੈ ਕਿ ਸਿੱਖ ਕੀ ਹਨ ਅਤੇ ਉਹ ਸਾਰੀਆਂ ਮੁਸ਼ਕਲਾਂ ਦੇ ਵਿਰੁੱਧ ਕਿਸ ਲਈ ਖੜੇ ਸਨ। ਇਤਿਹਾਸ ਦੌਰਾਨ, ਸਿੱਖਾਂ ਨੇ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਹੈ, ਆਪਣੇ ਵਿਸ਼ਵਾਸ ਦੀ ਰੱਖਿਆ ਕਰਨ ਅਤੇ ਦੂਜਿਆਂ ਦੇ ਹੱਕਾਂ ਦੀ ਰਾਖੀ ਲਈ ਡੂੰਘੀਆਂ ਕੁਰਬਾਨੀਆਂ ਕੀਤੀਆਂ ਹਨ। ਸਿੱਖ ਇਤਿਹਾਸ ਦੀ ਭਰਪੂਰ ਕਹਾਣੀ ਮੁਸੀਬਤਾਂ ਦੇ ਸਾਮਹਣੇ ਨਿਆਂ, ਹਮਦਰਦੀ ਅਤੇ ਨਿਰਸਵਾਰਥਤਾ ਪ੍ਰਤੀ ਉਨ੍ਹਾਂ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਫਿਰ ਵੀ, ਇਹ ਬਦਕਿਸਮਤੀ ਦੀ ਗੱਲ ਹੈ ਕਿ ਉਹਨਾਂ ਦੀਆਂ ਕਮਾਲ ਦੀਆਂ ਪ੍ਰਾਪਤੀਆਂ ਨੂੰ ਅਣਗੌਲਿਆ ਯੋਗਦਾਨਾਂ ਦੀ ਅਫਸੋਸਨਾਕ ਹਕੀਕਤ ਨੂੰ ਦਰਸਾਉਂਦੇ ਆਮ ਵਾਕੰਸ਼, ਸਿੱਖਣ ਦੇ 12 ਵਜ ਗਏ ਵਿੱਚ ਗੂੰਜਿਆ ਗਿਆ ਹੈ।

ਫਿਲਮ ਦੇ ਨਿਰਦੇਸ਼ਕ ਸ਼ਰਨ ਆਰਟ ਨੇ ਕਿਹਾ, ÷ਸਿੱਖ ਭਾਈਚਾਰੇ ਦੀ ਅਟੱਲ ਹਿੰਮਤ ਅਤੇ ਕੁਰਬਾਨੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਹਨ।÷ ’ਮਸਤਾਨੇ’ ਰਾਹੀਂ ਅਸੀਂ ਸਿੱਖਾਂ ਦੇ ਅਦੁੱਤੀ ਜਜ਼ਬੇ ਨੂੰ ਉਜਾਗਰ ਕਰਨਾ ਚਾਹੁੰਦੇ ਹਾਂ। ਇਹ ਫਿਲਮ ਸੱਚੀਆਂ ਘਟਨਾਵਾਂ ਤੋਂ ਪ੍ਰੇਰਿਤ ਹੈ ਜਦੋਂ ਸਿੱਖ ਨਾਦਰ ਸ਼ਾਹ ਦੇ ਜ਼ੁਲਮਾਂ ਵਿਰੁੱਧ ਬੇਕਸੂਰ ਜਾਨਾਂ ਲਈ ਢਾਲ ਬਣ ਗਏ ਸਨ।

# ਵਣ ਮਹਾਉਤਸਵ ਤਹਿਤ ਜ਼ਿਲ੍ਹੇ ’ਚ ਲੱਗਣਗੇ 2.50 ਲੱਖ ਬੂਟੇ : ਡੀਸੀ

## ਮਹਾਰਾਜਾ ਰਣਜੀਤ ਸਿੰਘ ਪਾਰਕ ਰੂਪਨਗਰ ਵਿਖੇ ਬੂਟਾ ਲਾ ਕੇ ਵਣ ਮਹਾਉਤਸਵ ਮੁਹਿੰਮ ਦੀ ਸ਼ੁਰੂਆਤ



• ਸ੍ਰੀ ਅਨੰਦਪੁਰ ਸਾਹਿਬ (ਰੂਪਨਗਰ), /ਦਵਿੰਦਰਪਾਲ ਸਿੰਘ

ਰੂਪਨਗਰ ਜਿਲ੍ਹੇ ਨੂੰ ਹੋਰ ਸੋਹਣਾ ਅਤੇ ਹਰਿਆ-ਭਰਿਆ ਬਣਾਉਣ ਲਈ ਵਣ ਮਹਾਉਤਸਵ ਤਹਿਤ ਜ਼ਿਲ੍ਹੇ ਵਿਚ 2.50 ਲੱਖ ਬੂਟੇ ਲਾਏ ਜਾ ਰਹੇ ਹਨ। ਇਸ ਮੁਹਿੰਮ ਤਹਿਤ ਪਿੰਡਾਂ ਵੱਲੋਂ ਡਿਮਾਂਡ ਅਨੁਸਾਰ ਬੂਟਿਆਂ ਦੀ ਮੁਫ਼ਤ ਵੰਡ ਕੀਤੀ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੱਲੋਂ ਮਹਾਰਾਜਾ ਰਣਜੀਤ ਸਿੰਘ ਪਾਰਕ ਰੂਪਨਗਰ ਵਿਖੇ ਬੂਟਾ ਲਾ ਕੇ ਵਣ ਮਹਾਉਤਸਵ ਮੁਹਿੰਮ ਦੀ ਸ਼ੁਰੂਆਤ ਕਰਦਿਆਂ ਕੀਤਾ ਗਿਆ। ਇਸ ਮੌਕੇ ਡੀਸੀ ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਕੁਦਰਤੀ ਆਫ਼ਤਾਂ ਮੌਕੇ ਜਿੱਥੇ ਬਹੁਤ ਸਾਰਾ ਨੁਕਸਾਨ ਮਨੁੱਖ ਨੂੰ ਸਹਿਣ ਕਰਨਾ ਪੈਂਦਾ ਹੈ। ਉਸ ਸਮੇਂ ਵੀ ਹੜ੍ਹ, ਸੋਕਾ ਅਤੇ ਹੋਰ ਕੁਦਰਤੀ ਆਫਤਾਂ ਮੌਕੇ ਵੀ ਸਾਡੇ ਦੁਆਰਾ ਲਾਏ ਗਏ ਬੂਟੇ ਕਾਫੀ ਸਹਾਈ ਸਿੱਧ ਹੁੰਦੇ ਹਨ। ਡੀਸੀ ਨੇ ਕਿਹਾ ਕਿ ਜਿੱਥੇ ਸ਼ਹਿਰ ਪਹਿਲਾਂ ਹੀ ਕੁਦਰਤੀ ਸਥਾਨਾਂ ਕਰ ਕੇ ਖੂਬਸੂਰਤ ਹੈ ਉੱਥੇ ਹੀ ਇਸ ਨੂੰ ਹੋਰ ਸੁੰਦਰ ਬਣਾਉਣ ਲਈ ਜ਼ਿਲ੍ਹਾ ਵਾਸੀਆਂ ਨੂੰ ਇਹ ਸਹੁੰ ਚੁੱਕਣੀ ਚਾਹੀਦਾ ਹੈ ਕਿ ਆਪਣੇ ਸ਼ਹਿਰ ਨੂੰ ਹੋਰ ਸੋਹਣਾ ਸ਼ਹਿਰ ਬਣਾਉਣ ਲਈ ਇਕੱਠੇ ਹੋਰ ਕੇ ਹੰਭਲਾ ਮਾਰੀਏ। ਉਨ੍ਹਾਂ ਕਿਹਾ ਕਿ ਜੇਕਰ ਆਪਾਂ ਧਰਤੀ ਦੀ ਸੁਰੱਖਿਆ ਕਰਾਂਗੇ ਫਿਰ ਹੀ ਧਰਤੀ ਸਾਡੀ ਸੁਰੱਖਿਆ ਕਰੇਗੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ ਵੱਖ-ਵੱਖ ਪੰਚਾਇਤਾਂ, ਜ਼ਿਲ੍ਹੇ ਦੇ ਵੱਖ-ਵੱਖ ਸਰਕਾਰੀ ਅਦਾਰਿਆਂ, ਵਿੱਦਿਅਕ ਸੰਸਥਾਵਾਂ ਅਤੇ ਯੂਥ ਕਲੱਬਾਂ ਵੱਲੋਂ ਉਪਲਬਧ ਖਾਲੀ ਥਾਵਾਂ ’ਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਨਾਲ ਇਹ ਬੂਟੇ ਲਾਏ ਜਾਣਗੇ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਕਿਹਾ ਕਿ ਜੇਕਰ ਕਿਸੇ ਨੂੰ ਵੀ ਕੋਈ ਫ਼ਲਦਾਰ ਜਾਂ ਚਿਕਿਤਸਕ ਬੂਟਾ ਚਾਹੀਦਾ ਹੈ ਤਾਂ ਉਹ ਜੰਗਲਾਤ ਵਿਭਾਗ ਨਾਲ ਸੰਪਰਕ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸਾਡੀ ਇਹ ਮੁਹਿੰਮ ਭਵਿੱਖ ਵਿਚ ਵੀ ਜਾਰੀ ਰਹੇਗੀ। ਇਸ ਮੌਕੇ ਜ਼ਿਲ੍ਹਾ ਵਣ ਅਫ਼ਸਰ ਹਰਜਿੰਦਰ ਸਿੰਘ ਨੇ ਦੱਸਿਆ ਕਿ ਤੰਦਰੁਸਤ ਜੀਵਨ ਲਈ ਸਾਡਾ ਆਲਾ-ਦੁਆਲਾ ਹਰਿਆ-ਭਰਿਆ ਹੋਣਾ ਬਹੁਤ ਜ਼ਰੂਰੀ ਹੈ ਅਤੇ ਬੂਟੇ ਵਾਤਾਵਰਨ ਦਾ ਸੰਤੁਲਨ ਬਣਾਈ ਰੱਖਦੇ ਹਨ। ਵਾਤਾਵਰਨ ਦੀ ਸ਼ੁੱਧਤਾ ਦਾ ਖਾਸ ਖਿਆਲ ਰੱਖਦਿਆਂ ਸਾਨੂੰ ਕੁਦਰਤ ਦੇ ਹਿੱਤ ਵਿਚ ਅਜਿਹੇ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਸਾਰੇ ਬੂਟੇ ਰੂਪਨਗਰ ਵਣ ਮੰਡਲ ਅਧੀਨ ਪੈਂਦੀਆਂ ਵੱਖ-ਵੱਖ ਨਰਸਰੀਆਂ ਵਿਚ ਵੱਖ-ਵੱਖ ਰੁੱਖ ਕਿਸਮਾਂ ਡੇਕ, ਅਰਜਣ, ਨਿੰਮ, ਜਾਮਣ, ਅੰਬ, ਅਮਰੂਦ, ਸਿਰਿਸ, ਰਜੈਣ, ਬਹੇੜਾ, ਚਕਰਾਸੀਆ, ਅਮਲਤਾਸ਼, ਪੁਤਰਨਜੀਵਾ, ਆਂਵਲਾ ਆਦਿ ਫ਼ਲਦਾਰ ਅਤੇ ਹੋਰ ਆਰਨਾਮੈਂਟਲ ਰੁੱਖ ਕਿਸਮਾਂ ਦੇ ਬੂਟੇ ਉਪਲਬਧ ਕਰਵਾਏ ਜਾ ਰਹੇ ਹਨ। ਇਸ ਮੌਕੇ ਮੁੱਖ ਮੰਤਰੀ ਫ਼ੀਲਡ ਅਫਸਰ ਅਨਮਜੋਤ ਕੌਰ, ਨਹਿਰੂ ਯੁਵਾ ਕੇਂਦਰ ਤੋਂ ਕੋਆਰਡੀਨੇਟਰ ਪੰਕਜ ਯਾਦਵ, ਹੋਰ ਉੱਚ ਅਧਿਕਾਰੀਆਂ ਤੋਂ ਇਲਾਵਾ ਐੱਨਸੀਸੀ ਕੈਡਿਟ ਆਦਿ ਹਾਜ਼ਰ ਸਨ।

# ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਕੇ ਕੀਤੀ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ







• **ਭੀਖੀ** : ਸਥਾਨਕ ਨੈਸ਼ਨਲ ਕਾਲਜ ਭੀਖੀ ਵਿਖੇ ਨਵੇਂ ਵਿੱਦਿਅਕ ਸੈਸ਼ਨ ਦੀ ਸ਼ੁਰੂਆਤ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾ ਕੇ ਕੀਤੀ ਗਈ। ਕਾਲਜ ਅਤੇ ਵਿਦਿਆਰਥੀਆਂ ਦੀ ਚੜ੍ਹਦੀ ਕਲਾ ਲਈ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈਂਦੇ ਹੋਏ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਕਾਲਜ ਦੇ ਪ੍ਰਧਾਨ ਹਰਬੰਸ ਦਾਸ ਬਾਵਾ ਜੀ, ਕਾਲਜ ਪ੍ਰਿੰਸੀਪਲ ਡਾਕਟਰ ਐਮ ਕੇ ਮਿਸ਼ਰਾ, ਪ੍ਰੋ ਗੁਰਤੇਜ ਸਿੰਘ ਤੇਜੀ, ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿਚ ਵਿਦਿਆਰਥੀ ਹਾਜ਼ਰ ਸਨ।

# ਗੁਰਦੁਆਰਾ ਪੰਡਿਤ ਅਯੁਧਿਆ ਨਾਥ ਗਾਹਲੜੀ ’ਚ ਗੁਰਮਤਿ ਸਿਖਲਾਈ ਪ੍ਰਾਪਤ ਕਰਨ ਵਾਲੇ 40 ਬੱਚਿਆਂ ਨੂੰ ਸਨਮਾਨਿਤ ਕੀਤਾ

• **ਦੋਰਾਂਗਲਾ, ਰਾਕੇਸ਼ ਜੀਵਨ ਚੱਕ**

ਗੁਰਦੁਆਰਾ ਪੰਡਿਤ ਅਯੁਧਿਆ ਨਾਥ ਪਿੰਡ ਗਾਹਲੜੀ ਵਿਖੇ ਸਕੱਤਰ ਧਰਮ ਪ੍ਰਚਾਰ ਕਮੇਟੀ ਸ ਬਲਵਿੰਦਰ ਸਿੰਘ ਕਾਹਲਵਾਂ ਅਤੇ ਪ੍ਰਿੰ ਮਨਜੀਤ ਕੌਰ ਵਲੋਂ ਭੇਜੇ ਗਏ ਸਹੀਦ ਸਿੱਖ ਮਿਸ਼ਨਰੀ ਕਾਲਜ ਦੇ ਪਾਸ ਆਊਟ ਵਿਦਿਆਰਥੀਆਂ ਵਲੋਂ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ । ਜਿਸ ਵਿੱਚ ਪਿੰਡ ਗਾਹਲੜੀ ਦੇ 40 ਬੱਚਿਆਂ ਵਲੋਂ ਗੁਰਮਤਿ ਸਿਖਲਾਈ ਕੈਂਪ ਵਿੱਚ ਪਹੁੰਚ ਕੇ ਸਿੱਖ ਇਤਹਾਸ ਸਬੰਧੀ ਜਾਣਕਾਰੀ ਪ੍ਰਾਪਤ ਕਰਨ ਲਈ ਕਲਾਸਾਂ ਲਗਾਇਆ ਗਈਆ । ਇਸ ਧਾਰਮਿਕ ਸਿਖਲਾਈ ਕੈਂਪ ਦੇ ਅੱਜ ਸਮਾਪਤੀ ਸਮੇਂ ਗਿਆਨੀ ਵਰਿਆਮ ਸਿੰਘ ,ਵਿਦਵਾਨ ਪ੍ਰਚਾਰਕ ਅਮਰਜੀਤ ਸਿੰਘ ਚਿੱਟੀ,ਭਾਈ ਸੁਖਪਾਲ ਸਿੰਘ,ਗੁਰਜੀਤ ਸਿੰਘ ਗਾਹਲੜੀ ਅਤੇ ਸਿੱਖ ਮਿਸ਼ਨਰੀ ਕਾਲਜ ਦੇ ਪਾਸ ਆਊਟ ਵਿਦਿਆਰਥੀਆਂ ਵਲੋਂ ਧਾਰਮਿਕ ਸਿਖਲਾਈ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸੀਲਡਾਂ ਅਤੇ ਸਰਟੀਫ਼ਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ । ਧਾਰਮਿਕ ਸਿਖਲਾਈ ਕੈਂਪ ਵਿੱਚ ਵਿਸ਼ੇਸ਼ ਸਹਿਯੋਗ ਮੈਨੇਜਰ ਹਰਜੀਤ ਸਿੰਘ ਗੁਰਦੁਆਰਾ ਟਾਹਲੀ ਸਾਹਿਬ ਗਾਹਲੜੀ ਜੀ ਵਲੋਂ ਕੀਤਾ ਗਿਆ ,ਜਿਹਨਾਂ ਦਾ ਪ੍ਰਬੰਧਕਾਂ ਵਲੋਂ ਧੰਨਵਾਦ ਕੀਤਾ ਗਿਆ ।



# ਮਨੀਪੁਰ ਹਿੰਸਾ ਦੇ ਖ਼ਿਲਾਫ਼ ਵੱਖ-ਵੱਖ ਸੰਗਠਨਾਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੇ ਮੱਦੇਨਜ਼ਰ ਪੁਲਿਸ ਨੇ ਕੱਢਿਆ ਫਲੈਗ ਮਾਰਚ



• **ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਮਨੀਪੁਰ ਹਿੰਸਾ ਦੇ ਖ਼?ਲਾਫ਼ ਵੱਖ-ਵੱਖ ਸੰਗਠਨਾਂ ਵੱਲੋਂ ਦਿੱਤੇ ਪੰਜਾਬ ਬੰਦ ਦੇ ਸੱਦੇ ਦੇ ਮੱਦੇਨਜ਼ਰ ਜ਼ਿਲ੍ਹਾ ਪੁਲਿਸ ਮੁਖੀ ਵਿਵੇਕਸ਼ੀਲ ਸੋਨੀ ਦੇ ਦਿਸ਼ਾ ਨਿਰਦੇਸ਼ਾ ਤਹਿਤ ਅੱਜ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਡੀ ਐਸ ਪੀ ਅਜੇ ਸਿੰਘ ਅਤੇ ਥਾਨਾ ਮੁਖੀ ਇੰਸਪੈਕਟਰ ਹਰਕੀਰਤ ਸਿੰਘ ਦੀ ਅਗਵਾਈ ਹੇਠ ਫਲੈਗ ਮਾਰਚ ਕੱਢਿਆ ਗਿਆ। ਸਥਾਨਕ ਬੱਸ ਸਟੈਂਡ ਤੋਂ ਸ਼ੁਰੂ ਕੀਤਾ ਇਹ ਫਲੈਗ ਮਾਰਚ ਕਲਗੀਧਰ ਮਾਰਕੀਟ, ਪੁੱਡਾ ਮਾਰਕੀਟ, ਗੋਲ ਮਾਰਕੀਟ, ਭਗਤ ਰਵਿਦਾਸ ਚੋਕ ਹੁੰਦਾ ਹੋਇਆ ਪੁਲਿਸ ਚੋਕੀ ਵਿਖੇ ਸਮਾਪਤ ਹੋਇਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡੀ ਐਸ ਪੀ ਅਜੇ ਸਿੰਘ ਨੇ ਕਿਹਾ ਕਿ ਭਾਵੇਂ ਕਿ ਅੱਜ ਪੰਜਾਬ ਬੰਦ ਦਾ ਸੱਦਾ ਦਿੱਤਾ ਹੋਇਆ ਸੀ ਪ੍ਰੰਤੂ ਇਸ ਬੰਦ ਦਾ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਕੋਈ ਅਸਰ ਦਿਖਾਈ ਨਹੀਂ ਦਿੱਤਾ ਤੇ ਸ਼ਹਿਰ ਦੀਆਂ ਸਾਰੀਆਂ ਮਾਰਕੀਟਾਂ ਆਮ ਦਿਨਾਂ ਵਾਂਗ ਖੁੱਲੀਆਂ ਰਹੀਆਂ ਤੇ ਇਸ ਦੋਰਾਨ ਕੋਈ ਵੀ ਅਣਸੁਖਾਵੀਂ ਘਟਨਾ ਨਹੀਂ ਵਾਪਰੀ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਲੋਕਾਂ ਦੀ ਸੁਰੱਖਿਆ ਲਈ ਹਮੇਸ਼ਾ ਤਿਆਰ ਬਰ ਤਿਆਰ ਹੈ ਤੇ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਘਬਰਾਉਣ ਦੀ ਲੋੜ ਨਹੀ ਹੈ। ਇਸ ਮੋਕੇ ਚੋਕੀ ਇੰਚਾਰਜ ਸਬ ਇੰਸਪੈਕਟਰ ਗੁਰਮੁਖ ਸਿੰਘ, ਸਬ ਇੰਸਪੈਕਟਰ ਸਰਬਜੀਤ ਸਿੰਘ, ਟਰੈਫਿਕ ਇੰਚਾਰਜ ਜਸਪਾਲ ਸਿੰਘ ਸਮੇਤ ਵੱਡੀ ਗਿਣਤੀ ਪੁਲਿਸ ਮੁਲਾਜਮ ਹਾਜਰ ਸਨ।

■ ਬੰਦ ਦਾ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਕੋਈ ਅਸਰ ਦਿਖਾਈ ਨਹੀਂ ਦਿੱਤਾ ਤੇ ਸ਼ਹਿਰ ਦੀਆਂ ਸਾਰੀਆਂ ਮਾਰਕੀਟਾਂ ਆਮ ਦਿਨਾਂ ਵਾਂਗ ਖੁੱਲੀਆਂ ਰਹੀਆਂ



# ਸਵਿਟਜ਼ਰਲੈਂਡ 'ਚ ਲਗੇ ਗਰਮਤਿ ਕੈਂਪ ਵਿਚ ਵੱਡੀ ਗਿਣਤੀ ਵਿਚ ਵਿਦਿਆਰਥੀਆਂ ਨੇ ਲਿਆ ਹਿੱਸਾ

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਯੂਰਪ ਦੇ ਬੱਚਿਆਂ ਨੂੰ ਸਿੱਖੀ ਸਰੂਪ ਨਾਲ ਜੋੜਨ ਦੇ ਮੰਤਵ ਨਾਲ ਹਰ ਸਾਲ ਯੂਰਪ ਦੇ ਪਹਿਲੇ ਆਰਕੀਟੈਕਟ ਗੁਰੂ ਘਰ ਲੈਂਗਾਂਥਲ, ਸਵਿਟਜ਼ਰਲੈਂਡ ਦੀ ਧਰਤੀ ਤੇ 31 ਜੁਲਾਈ ਤੋਂ 6 ਅਗਸਤ ਤੱਕ ਵਿਸ਼ਾਲ ਗੁਰਮਤਿ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿਚ ਪੂਰੇ ਯੂਰਪ ਤੋਂ ਵੱਡੀ ਗਿਣਤੀ 'ਚ ਵਿਦਿਆਰਥੀ ਹਿੱਸਾ ਲੈਂਦੇ ਹਨ। ਇਸ ਵਾਰ ਵੀ ਇਸ ਕੈਂਪ 'ਚ ਵੱਡੀ ਗਿਣਤੀ 'ਚ ਬੱਚਿਆ ਨੇ ਹਿੱਸਾ ਲਿਆ ਤੇ ਕੈਂਪ ਦੀ ਸਮਾਪਤੀ ਪੂਰੀ ਸ਼ਾਨੋ ਸ਼ੌਕਤ ਦੇ ਨਾਲ ਹੋਈ। ਯੂਰਪ ਦੇ ਨਾਮੀ ਸਿੱਖ ਭਾਈ ਰਣਜੀਤ ਸਿੰਘ ਮਸੂਟਾ ਦੀ ਦੇਖ ਰੇਖ ਹੇਠ ਲੱਗੇ ਇਸ ਵਿਸ਼ਾਲ ਗੁਰਮਤਿ ਕੈਂਪ ਦੇ ਵਿਚ ਵਿਦਿਆਰਥੀਆਂ ਨੂੰ ਗੱਤਕਾ ਸਿੱਖਲਾਈ,ਸ਼ਬਦ ਕੀਰਤਨ, ਦਸਤਾਰ ਸਿੱਖਲਾਈ ਦੇ ਨਾਲ ਨਾਲ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਮਾਹਾਰਾਜ ਜੀ ਦੇ ਪ੍ਰਕਾਸ਼ ਤੋਂ ਲੈ ਕੇ ਸੁੱਖਆਸਣ ਤੱਕ ਦੀ ਸੇਵਾ ਪੂਰਨ ਰਹਿਤ ਮਰਿਆਦਾ 'ਚ ਰਹਿੰਦੇ ਹੋਏ ਸਿਖਾਉਣ ਦਾ ਯਤਨ ਕੀਤਾ ਗਿਆ। ਗੌਰਤਲਬ ਐ ਕਿ ਵਿਦਿਆਰਥੀਆਂ 'ਚ ਐਨਾ ਉਤਸ਼ਾਹ ਸੀ ਕਿ ਰੋਜਾਨਾ ਸਵੇਰੇ ਅੰਮ੍ਰਿਤ ਵੇਲੇ 4:30 ਤੋਂ ਲੈ ਕੇ ਸ਼ਾਮ ਸੋਦਰ ਰਹਿਰਾਸ ਸਾਹਿਬ ਤੱਕ ਸਾਰੀਆਂ ਕਲਾਸਾਂ 'ਚ ਸ਼ਾਮਿਲ ਰਹਿੰਦੇ ਸਨ।ਗੱਤਕੇ ਦੇ ਮਾਹਿਰ ਕੋਚ ਸਾਹਿਬਾਨ ਵਲੋਂ ਵਿਦਿਆਰਥੀਆਂ ਨੂੰ ਗੱਤਕੇ ਦੀ ਸਿੱਖਲਾਈ ਦਿੱਤੀ ਗਈ ਇਸੇ ਤਰਾਂ ਸ਼ਬਦ ਕੀਰਤਨ ਤੇ ਦਸਤਾਰ ਦੀ ਸਿੱਖਲਾਈ ਲਈ ਵੀ ਵਿਸ਼ੇਸ਼ ਤੌਰ ਤੇ ਮਾਹਿਰ ਵਿਦਵਾਨ ਪਹੁੰਚੇ ਹੋਏ ਸਨ। ਕੈਂਪ ਦੀ ਸਮਾਪਤੀ ਮੌਕੇ ਕੈਂਪ 'ਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੇ ਸਿਰਾਂ ਦੇ ਉੱਪਰ ਬਹੁਤ ਹੀ ਖ਼ੂਬਸੂਰਤ ਦਸਤਾਰਾਂ ਸਜਾਈਆਂ ਹੋਈਆਂ ਸਨ ਤੇ ਸਾਰੇ ਵਿਦਿਆਰਥੀਆਂ ਨੇ ਸੰਗਤੀ ਰੂਪ 'ਚ ਆਪੋ ਆਪਣੇ ਅਨੁਭਵ ਵੀ ਸਾਂਝੇ ਕੀਤੇ ਅਤੇ ਅੰਤ ਦੇ ਵਿਚ ਗੁਰਦੁਆਰਾ ਸਾਹਿਬ ਦੇ ਬਾਹਰ ਗੱਤਕਾ ਅਖਾੜਾ ਵੀ ਸਜਾਇਆ ਗਿਆ ਜਿਸ ਵਿਚ ਬੱਚਿਆ ਨੇ ਗੱਤਕੇ ਦੇ ਜੋਹਰ ਵਿਖਾਏ। ਭਾਈ ਰਣਜੀਤ ਸਿੰਘ ਮਸੂਟਾ ਨੇ ਸੰਗਤਾ ਨਾਲ ਵਿਚਾਰਾ ਦੀ ਸਾਂਝ ਪਾਉਂਦੇ ਹੋਏ ਕਿਹਾ ਕਿ ਅੱਜ ਤੋ ਕੁਝ ਸਾਲ ਪਹਿਲਾਂ ਇਸ ਗੁਰਮਤਿ ਕੈਂਪ ਦੀ ਸ਼ੁਰੂਆਤ ਬੱਚਿਆ ਦੇ ਚੰਗੇ ਭਵਿੱਖ ਦੀ ਆਸ 'ਚ ਕੀਤੀ ਸੀ ਜਿਸ ਦਾ ਨਤੀਜਾ ਅੱਜ ਸਾਰਿਆਂ ਦੇ ਸਾਹਮਣੇ ਹੈ ਤੇ ਆਉਣ ਵਾਲੇ ਸਮੇਂ 'ਚ ਇਸ ਦਾ ਘੇਰਾ ਹੋਰ ਵੀ ਵਿਸ਼ਾਲ ਕੀਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਪਨੀਰੀ ਸਿੱਖੀ ਦੇ ਨਾਲ ਜੁੜ ਸਕੇ।

■ ਆਉਣ ਵਾਲੇ ਸਮੇਂ 'ਚ ਇਸ ਦਾ ਘੇਰਾ ਹੋਰ ਵੀ ਵਿਸ਼ਾਲ ਕੀਤਾ ਜਾਵੇਗਾ ਤਾਂ ਜੋ ਵੱਧ ਤੋਂ ਵੱਧ ਪਨੀਰੀ ਸਿੱਖੀ ਦੇ ਨਾਲ ਜੁੜ ਸਕੇ : ਭਾਈ ਰਣਜੀਤ ਸਿੰਘ ਮਸੂਟਾ

# ਤਰਫ਼ ਮਜਾਰੀ ਦੇ ਸ਼ਹੀਦ ਜਤਿੰਦਰ ਕੁਮਾਰ ਨੂੰ ਵੱਖ-ਵੱਖ ਆਗੂਆਂ ਵਲੋਂ ਸ਼ਰਧਾਂਜਲੀਆਂ ਭੇਂਟ

• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ

ਭਾਰਤੀ ਫ਼ੌਜ ਦਾ ਜਵਾਨ ਜਤਿੰਦਰ ਕੁਮਾਰ ਜੋ ਕਿ ਬੀਤੇ ਦਿਨੀਂ ਸਿਕੱਮ ਵਿਖੇ ਸ਼ਹੀਦ ਹੋ ਗਿਆ ਸੀ, ਦੀ ਅੱਜ ਅੰਤਿਮ ਅਰਦਾਸ ਅਤੇ ਭੋਗ ਮੌਕੇ ਜਿਥੇ ਵੱਖ-ਵੱਖ ਸ਼ਖਸ਼ੀਅਤਾਂ ਵਲੋਂ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ ਉਥੇ ਹੀ ਇਸ ਮੌਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਜੈਵੀਰ ਸਿੰਘ ਲਾਲਪੁਰਾ ਵੀ ਸ਼ਹੀਦ ਜਤਿੰਦਰ ਕੁਮਾਰ ਨੂੰ ਸ਼ਰਧਾਂਜਲੀ ਦੇਣ ਪਹੁੰਚੇ। ਇਸ ਮੌਕੇ ਸ. ਲਾਲਪੁਰਾ ਨੇ ਸ਼ਹੀਦ ਜਵਾਨ ਨੂੰ ਸ਼ਰਧਾਂਜਲੀ ਦਿੱਤੀ ਅਤੇ ਦੇਸ਼ ਦੇ ਪ੍ਰਤੀ ਉਨ੍ਹਾਂ ਦੀਆਂ ਜਿੰਦ ਵਾਰ ਕਿ ਨਿਭਾਈ ਸੇਵਾ ਨੂੰ ਯਾਦ ਕੀਤਾ। ਲਾਲਪੁਰਾ ਨੇ ਕਿਹਾ ਕਿ ਜਤਿੰਦਰ ਕੁਮਾਰ ਦੀ ਬਹਾਦਰੀ ਅਤੇ ਉਨ੍ਹਾਂ ਦਾ ਸਰਵਉੱਚ ਬਲਿਦਾਨ ਦੇਸ਼ ਨੂੰ ਮਜ਼ਬੂਤ ਅਤੇ ਸਮ੍ਰਿੱਧ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰਨ ਦੇ ਲਈ ਹਰ ਭਾਰਤੀ ਨੂੰ ਪ੍ਰੇਰਣਾ ਦਿੰਦਾ ਰਹੇਗਾ। ਉਨ੍ਹਾਂ ਕਿਹਾ ਕਿ ਮੈਨੂੰ ਆਪਣੇ ਵੀਰ ਜਤਿੰਦਰ ਕੁਮਾਰ ਦੀ ਸ਼ਹੀਦੀ ਉਤੇ ਮਾਣ ਹੈ ਜਿਸ ਨੇ ਦੇਸ਼ ਤੇ ਕੌਮ ਦੀ ਰੱਖਿਆ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਤਾ। ਉਨਾਂ ਕਿਹਾ ਕਿ ਸ਼ਹਾਦਤਾਂ ਵੀ ਭਾਗਾਂ ਵਾਲਿਆਂ ਦੇ ਹਿੱਸੇ ਹੀ ਆਉਂਦੀਆਂ ਹਨ ਜਿਸ ਨਾਲ ਉਨ੍ਹਾਂ ਦਾ ਸਿਰ ਹਮੇਸ਼ਾ ਮਾਣ ਨਾਲ ਉੱਚਾ ਰਹਿੰਦਾ ਹੈ।





# ਮਾਈ ਭਾਗੋ ਚੈਰਿਟੀ 6 ਅਗਸਤ ਨੂੰ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਰਾਮਦਾਸ ਜੀ ਕਿਸਾਨ ਮਜਦੂਰ ਸਿਹਤ ਮੇਲਾ ਸਫਲਤਾਪੂਰਵਕ ਕਰਵਾਇਆ

## ➤ ਇਸ ਘਟਨਾ ਨੇ ਸੰਪੂਰਨ ਭਾਈਚਾਰਕ ਭਲਾਈ ਵੱਲ ਇੱਕ ਮਹੱਤਵਪੂਰਨ ਕਦਮ ਦੀ ਨਿਸ਼ਾਨਦੇਹੀ ਕੀਤੀ





• ਚੰਡੀਗੜ੍ਹ

ਮਾਈ ਭਾਗੋ ਚੈਰਿਟੀ ਦੇ ਪਿੱਛੇ ਦੂਰਦਰਸ਼ੀ ਸੋਨੀਆ ਮਾਨ ਅਤੇ ਵਰਲਡ ਕੈਂਸਰ ਕੇਅਰ ਦੇ ਸੰਸਥਾਪਕ ਕੁਲਵੰਤ ਸਿੰਘ ਧਾਲੀਵਾਲ ਨੇ ਇੱਕ ਸ਼ਾਨਦਾਰ ਸਹਿਯੋਗੀ ਯਤਨ ਵਿੱਚ, 6 ਅਗਸਤ, ਰਾਜਾਸਾਂਸੀ ਦਾਣਾ ਮੰਡੀ, ਅੰਮ੍ਰਿਤਸਰ ਵਿਖੇ ਅਗਸਤ ਨੂੰ ਗੁਰੂ ਰਾਮਦਾਸ ਜੀ ਕਿਸਾਨ ਮਜ਼ਦੂਰ ਸਿਹਤ ਮੇਲੇ ਦੀ ਮੇਜ਼ਬਾਨੀ ਲਈ ਆਪਣੇ ਯਤਨਾਂ ਨੂੰ ਇੱਕਜੁੱਟ ਕੀਤਾ। ਇਸ ਘਟਨਾ ਨੇ ਸੰਪੂਰਨ ਭਾਈਚਾਰਕ ਭਲਾਈ ਵੱਲ ਇੱਕ ਮਹੱਤਵਪੂਰਨ ਕਦਮ ਦੀ ਨਿਸ਼ਾਨਦੇਹੀ ਕੀਤੀ। ਵਿਕਰਮ ਸਿੰਘ ਸਾਹਨੀ, ਇੱਕ ਸਤਿਕਾਰਯੋਗ ਰਾਜ ਸਭਾ ਮੈਂਬਰ ਅਤੇ ਸਨ ਫਾਊਂਡੇਸ਼ਨ ਦੇ ਸੰਸਥਾਪਕ ਨੇ ਤਕਨੀਕੀ ਸਿੱਖਿਆ, ਨਸ਼ਾ ਛੁਡਾਊ ਸਹਾਇਤਾ, ਠੀਕ ਹੋਣ ਵਾਲੇ ਮਰੀਜ਼ਾਂ ਲਈ ਨੌਕਰੀ ਦੇ ਮੌਕਿਆਂ, ਅਤੇ ਈਐਨਟੀ ਮਰੀਜ਼ਾਂ ਲਈ ਮੁਫਤ ਦਵਾਈਆਂ ਦੀ ਵਿਵਸਥਾ ਬਾਰੇ ਆਪਣੀ ਸੂਝ ਨਾਲ ਸਮਾਗਮ ਨੂੰ ਭਰਪੂਰ ਕੀਤਾ। ਤਕਨੀਕੀ ਸਸ਼ਕਤੀਕਰਨ ਅਤੇ ਸਿਹਤ ਸੰਭਾਲ ਪਹੁੰਚ ਦਾ ਸੰਗਮ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਉੱਚਾ ਚੁੱਕਣ ਦਾ ਵਾਅਦਾ ਕਰਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਕਿਸਾਨ ਮਜ਼ਦੂਰ ਸਿਹਤ ਮੇਲੇ ਵਿੱਚ ਪੰਜਾਬ ਦੇ ਸਿਹਤ ਮੰਤਰੀ ਡਾ: ਬਲਬੀਰ ਸਿੰਘ ਅਤੇ ਸੂਬੇ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਵਰਗੀਆਂ ਪ੍ਰਮੁੱਖ ਹਸਤੀਆਂ ਦਾ ਇਕੱਠ ਦੇਖਣ ਨੂੰ ਮਿਲਿਆ। ਬਾਗਬਾਨੀ ਮੰਤਰਾਲੇ ਦੇ ਚੇਤਨ ਸਿੰਘ ਜੌੜਾਮਾਜਰਾ, ਅੰਮ੍ਰਿਤਸਰ ਦੇ ਡੀਸੀ, ਅਟਾਰੀ ਦੇ ਵਿਧਾਇਕ ਜਸਵਿੰਦਰ ਸਿੰਘ ਅਤੇ ਸਿਹਤ ਵਿਭਾਗ ਦੇ ਵਕੀਲ ਕੁਲਵੰਤ ਸਿੰਘ ਧਾਲੀਵਾਲ ਨੇ ਸਹਿਯੋਗ ਦਿੱਤਾ। ਖਾਸ ਤੌਰ 'ਤੇ, ਮਸ਼ਹੂਰ ਫਿਲਮ-ਨਿਰਦੇਸ਼ਕ ਅਮਿਤੋਜ ਮਾਨ ਨੇ ਮਹੱਤਤਾ ਵਧਾ ਦਿੱਤੀ। ਇਸ ਸਮਾਗਮ ਨੂੰ ਪ੍ਰਸਿੱਧ ਗਾਇਕ ਕੰਵਰ ਗਰੇਵਾਲ ਦੀ ਮਨਮੋਹਕ ਪੇਸ਼ਕਾਰੀ ਨੇ ਸੱਭਿਆਚਾਰਕ ਜਜ਼ਬਾਤ ਨਾਲ ਭਰਪੂਰ ਕੀਤਾ। ਇੱਕ ਸਮੂਹਿਕ ਕੋਸ਼ਿਸ਼ ਨੇ ਸੰਪੂਰਨ ਤੰਦਰੁਸਤੀ ਅਤੇ ਸੱਭਿਆਚਾਰਕ ਜਸ਼ਨ ਦਾ ਪ੍ਰਦਰਸ਼ਨ ਕੀਤਾ। ਡਾ: ਸੋਨੀਆ ਮਾਨ, ਮਾਈ ਭਾਗੋ ਚੈਰਿਟੀ ਦੀ ਸੰਸਥਾਪਕ, ਨੇ ਕਿਹਾ, ÷ਮੈਂ ਵਰਲਡ ਕੈਂਸਰ ਕੇਅਰ, ਸਰਕਾਰੀ ਅਧਿਕਾਰੀਆਂ ਅਤੇ ਸਨਮਾਨਯੋਗ ਸ਼ਖਸੀਅਤਾਂ ਦੇ ਸਹਿਯੋਗ ਲਈ ਧੰਨਵਾਦੀ ਹਾਂ, ਜਿਨ੍ਹਾਂ ਨੇ ਮੇਲੇ ਵਿੱਚ ਸ਼ਿਰਕਤ ਕੀਤੀ। ਅਸੀਂ ਇਕੱਠੇ ਮਿਲ ਕੇ ਸਿਹਤ ਸੰਭਾਲ ਦੇ ਮਹੱਤਵਪੂਰਨ ਪਹਿਲੂਆਂ ਨੂੰ ਸੰਬੋਧਿਤ ਕਰਕੇ ਇੱਕ ਸਾਰਥਕ ਪ੍ਰਭਾਵ ਪਾਇਆ। ਸਾਡੇ ਭਾਈਚਾਰੇ ਅਤੇ ਇਸ ਤੋਂ ਬਾਹਰ ਦੇ ਉੱਜਵਲ ਭਵਿੱਖ ਲਈ ਸਾਡੇ ਨਾਲ ਹੱਥ ਮਿਲਾਉਣ ਲਈ ਤੁਹਾਡਾ ਧੰਨਵਾਦ।

■ ਇਸ ਸਮਾਗਮ ਨੂੰ ਪ੍ਰਸਿੱਧ ਗਾਇਕ ਕੰਵਰ ਗਰੇਵਾਲ ਦੀ ਮਨਮੋਹਕ ਪੇਸ਼ਕਾਰੀ ਨੇ ਸੱਭਿਆਚਾਰਕ ਜਜ਼ਬਾਤ ਨਾਲ ਭਰਪੂਰ ਕੀਤਾ

# ਅਸਲ ਆਜ਼ਾਦੀ

ਆਜ਼ਾਦੀ ਬੰਦੇ ਦਾ ਜਨਮ ਸਿੱਧ ਅਧਿਕਾਰ ਹੈ । ਆਜ਼ਾਦੀ ਦਾ ਮਤਲਬ ਸਭ ਪ੍ਰਕਾਰ ਦੀ ਆਜ਼ਾਦੀ ਹੁੰਦਾ ਹੈ । ਤਨ-ਮਨ-ਧੰਨ ਆਜ਼ਾਦ ਹੋਵੇ, ਆਤਮਾ ਸੁਤੰਤਰ ਹੋਵੇ ਤਾਂ ਉਸੇ ਨੂੰ ਪੂਰਨ ਰੂਪ ਵਿੱਚ ਆਜ਼ਾਦ ਕਿਹਾ ਜਾ ਸਕਦਾ ਹੈ ਪ੍ਰੰਤੂ ਇਸ ਆਸੇ ਦੀ ਅਧੂਰੀ ਸਮਝ ਨਾਲ ਸਾਨੂੰ ਕੁਝ ਭੁਲੇਖਾ ਪੈ ਜਾਂਦਾ ਹੈ ਅਤੇ ਅਸੀਂ ਇਹ ਸਮਝਣ ਲਗ ਪੈਂਦੇ ਹਾਂ ਕਿ ਆਜ਼ਾਦੀ ਦਾ ਮਤਲਬ ਹੈ ਜੋ ਕਿਸੇ ਦੇ ਜੀਅ ਆਏ ਉਹ ਕਰਨ ਲਗ ਪਏ । ਦੇਸ਼ ਅਤੇ ਸਮਾਜ ਦੇ ਨਿਯਮ ਮੰਨੀਏ ਜਾਂ ਨਾ ਮੰਨੀਏ, ਕੋਈ ਪੁਛ ਨ ਹੋਵੇ । ਜਿਸ ਦਾ ਨਤੀਜਾ ਜ਼ਰੂਰੀ ਹੈ ਕਿ ਆਜ਼ਾਦੀ ਦੇ ਏਸ ਨਾਂ ਹੇਠ ਹਪੜਾ-ਦੜੀ ਹੋਵੇਗਾ । ਅਜਿਹੀ ਹਫੜਾ-ਦਫੜੀ ਮਾਨਵ ਸਮਾਜ ਲਈ ਕਿੰਨੀ ਘਾਤਕ ਹੋ ਸਕਦੀ ਹੈ।



ਇਸਦਾ ਥੋੜ੍ਹਾ ਜਿਹਾ ਅੰਦਾਜ਼ਾ ਜਦੋਂ ਕਿਸੇ ਮੁਲਕ ਵਿਚ ਖਾਨਾ-ਜੰਗੀ ਹੋ ਰਹੀ ਹੋਵੇ। ਉਸ ਨਾਲ ਲਗਾਇਆ ਜਾ ਸਕਦਾ ਹੈ । ਤਾਂ ਫਿਰ ਸੋਚਣਾ ਪਵੇਗਾ ਕਿ ਆਜ਼ਾਦੀ ਦਾ ਸਹੀ ਮਤਲਬ ਕੀ ਹੈ ?ਆਜ਼ਾਦੀ ਅਸਲ ਵਿਚ ਉਸ ਖੁਲ੍ਹ ਦਾ ਨਾਂ ਹੈ ਜਿਸ ਰਾਹੀਂ ਕਰਮ, ਬਚਨ ਅਤੇ ਵਿਚਾਰ ਨਾਲ ਅਸੀਂ ਖੁਲ ਕੇ ਮਾਨਵ ਦੀ ਉੱਨਤੀ ਲਈ ਕੁਝ ਕਰ ਸਕੀਏ । ਇਸ ਲਈ ਅਨੁਸ਼ਾਸਨ, ਸਮਾਜਕ-ਰੀਤੀ-ਰਿਵਾਜ ਅਤੇ ਦੇਸ਼ ਹਿਤ ਦੀਆਂ ਕਾਮ- ਨਾਵਾਂ ਆਪਣੇ ਆਪ ਪੂਰੀਆਂ ਹੋ ਜਾਂਦੀਆਂ ਹਨ । ਅੰਤਰ ਸਿਰਫ ਇਹ ਹੁੰਦਾ ਹੈ ਕਿ ਆਦਮੀ ਆਜ਼ਾਦੀ ਦੇ ਸਾਰੇ ਭਾਵ ਨੂੰ ਮਹਿਸੂਸ ਕਰਦੇ ਹੋਏ, ਸੁਤੰਤਰ ਰੂਪ ਵਿਚ ਲਾਭ- ਦਾਇਕ ਸਿੱਟੇ ਕੱਢਣ ਲਈ ਤਿਆਰ ਹੁੰਦਾ ਹੈ । ਅਜਿਹੀ ਸੁਤੰਤਰਤਾ ਦਾ ਵਰਣਨ ਹੀ ਅਧਿਆਤਮਕਵਾਦ ਵਿਚ ਹੋਇਆ ਕਰਦਾ ਹੈ । ਮਨੁੱਖ ਨੂੰ ਉਹਦੀ ਆਪਣੀ ਸੰਗੀ ਦੇ ਕੇ ਸਮਾਜ ਦੇ ਕੰਮ ਆਉਣ ਵਾਲਾ ਬਣਾਇਆ ਜਾਂਦਾ ਹੈ । ਉਹ ਮਨੁੱਖ ਮਾਤਰ ਦੀ ਸੇਵਾ ਵਿਚ ਆਪਣੇ ਆਪ ਜੁਟ ਜਾਂਦਾ ਹੈ ਕਿਉਂ ਕਿ ਉਹ ਹਰ ਇਕ ਨੂੰ ਆਪਣਾ ਹੀ ਸਰੂਪ ਸਮਝਦਾ ਹੈ । ਅਧਿਆਤਮਕਵਾਦ ਵਿਚ ਆਜ਼ਾਦੀ ਦੀ ਮਹੱਤਾ ਸਭ ਤੋਂ ਜਿਆਦਾ ਹੈ ਕਿਉਂਕਿ ਦਬੀ-ਦਬੀ ਜਾਂ ਘੁਟੀ-ਘੁਟੀ ਆਤਮਾ ਨ ਨਿਰਭੈ ਹੋ ਸਕਦੀ ਹੈ, ਨ ਖੁਲ੍ਹ ਕੇ ਸੋਚ ਸਕਦੀ ਹੈ ਅਤੇ ਨ ਹੀ ਸੁਤੰਤਰ ਰੂਪ ਵਿਚ ਕਿਸੇ ਦੇ ਕੰਮ ਆ ਸਕਦੀ ਹੈ । ਅਧਿਆਤਮਕਵਾਦ ਮਨੁੱਖ ਦੀ ਆਤਮਾ ਨੂੰ ਹਰ ਦਬਾਉ ਚੋਂ ਕਢ ਕੇ ਆਜ਼ਾਦੀ ਬਖ਼ਸ਼ਦਾ ਹੈ ਅਤੇ ਨਾਲ ਹੀ ਮਾਨਵ ਹਿਤ ਲਈ ਉਭਾਰਦਾ ਹੈ। ਜਿਸ ਨਾਲ ਦੇਸ਼ ਅਤੇ ਸਮਾਜ, ਸੰਸਕਾਰ ਅਤੇ ਰੀਤੀ ਰਿਵਾਜ ਆਪਣੇ ਆਪ ਸੁਰੱਖਿਅਤ ਹੋ ਜਾਂਦੇ ਹਨ । ਇਹੀ ਕਾਰਨ ਹੈ ਕਿ ਅਸਲ ਵਿਚ ਜਿਹੜੇ ਅਧਿਆਤਮਕ ਮਿਸ਼ਨ ਹਨ, ਉਨ੍ਹਾਂ ਦੀ ਸ਼ਲਾਘਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਲੋੜ ਹਰ ਸੂਝਵਾਨ ਵਿਅਕਤੀ ਮਹਿਸੂਸ ਕਰਦਾ ਹੈ । ਆਓ, ਅਸੀਂ ਪੰਦਰਾਂ ਅਗਸਤ ਨੂੰ ਸਿਰਫ ਦੇਸ਼ ਦੀ ਆਜ਼ਾਦੀ ਦਾ ਦਿਨ ਹੀ ਨਾ ਮੰਨੀਏ ਸਗੋਂ ਅਧਿਆਤਮਕਵਾਦ ਦੀ ਪੁਠ ਦੇ ਕੇ ਇਸ ਪਵਿਤ੍ਰ ਦਿਨ ਨੂੰ ਮਾਨਵ-ਜਾਤੀ ਦੀ ਅਸਲ ਆਜ਼ਾਦੀ ਦਾ ਨਿਸ਼ਾਨਾ ਬਣਾਈਏ

**ਲੇਖਕ**
**ਰਾਜਿੰਦਰ ਕੁਮਾਰ**
**ਚੰਡੀਗੜ੍ਹ**

# ਅਜਾਦੀ ਦਿਵਸ ਦੀ ਰਿਹਸਲ ਵਿੱਚ ਵਿਦਿਆਰਥੀਆਂ ਨੇ ਦਿੱਤੀਆਂ ਸੱਭਿਆਚਾਰਕ ਪੇਸ਼ਕਾਰੀਆਂ

- ਦੇਸ਼ ਭਗਤੀ, ਲੁੱਡੀ ਤੇ ਗਿੱਧੇ ਨਾਲ ਬੰਨਿਆ ਰੰਗ
- ਐਸ.ਜੀ.ਐਸ ਖਾਲਸਾ ਸੀਨੀ.ਸੈਕੰ.ਸਕੂਲ ਵਿਚ ਮਨਾਇਆ ਜਾਵੇਗਾ 77ਵਾਂ ਅਜਾਦੀ ਦਿਹਾੜਾ





**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

77ਵੇਂ ਅਜਾਦੀ ਦਿਵਸ ਸਮਾਰੋਹ ਦੀ ਪਲੇਠੀ ਰਿਹਸਲ ਐਸ.ਜੀ.ਐਸ ਖਾਲਸਾ ਸੀਨੀ.ਸੈਕੰ.ਸਕੂਲ ਵਿੱਚ ਹੋਈ ਜਿੱਥੇ ਸੱਭਿਆਚਾਰਕ ਪੇਸਕਾਰੀਆਂ ਗਿੱਧਾ, ਭੰਗੜਾ, ਲੁੱਡੀ ਰਾਹੀ ਵੱਖ ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਰੰਗ ਬੰਨਿਆ। ਅੱਜ ਸੱਭਿਆਚਾਰਕ ਪੇਸ਼ਕਾਰੀਆਂ ਦੀ ਪਲੇਠੀ ਰਿਹਸਲ ਮੌਕੇ ਤਹਿਸੀਲਦਾਰ ਬਾਦਲ ਦੀਨ ਨੇ ਕਿਹਾ ਕਿ ਸਮਾਰੋਹ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪੇਸ਼ਕਾਰੀਆਂ ਦੀ ਚੋਣ ਕੀਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ 15 ਅਗਸਤ ਨੂੰ ਇਸੇ ਸਥਾਨ ਤੇ ਉਪ ਮੰਡਲ ਪੱਧਰ ਦਾ ਅਜਾਦੀ ਦਿਵਸ ਸਮਾਰੋਹ ਮਨਾਇਆ ਜਾਵੇਗਾ, ਰਾਸ਼ਟਰੀ ਝੰਡਾ ਐਸ.ਡੀ.ਐਮ ਮਨੀਸ਼ਾ ਰਾਣਾ ਆਈ.ਏ.ਐਸ ਲਹਿਰਾਉਣਗੇ। ਪਰੇਡ ਦਾ ਮੁਆਇਨਾ, ਦੇਸ਼ ਵਾਸੀਆਂ ਨੂੰ ਸੰਬੋਧਨ, ਮਾਰਚ ਪਾਸਟ, ਪੀ.ਟੀ.ਸ਼ੋਅ ਉਪਰੰਤ ਦੇਸ਼ ਭਗਤੀ ਅਤੇ ਸੱਭਿਆਚਾਰਕ ਪੇਸਕਾਰੀਆਂ ਲਈ ਰਿਹਸਲ ਨਿਰੰਤਰ ਚੱਲ ਰਹੀ ਹੈ। ਅੱਜ ਸਮਾਰੋਹ ਦੀ ਪਹਿਲੀ ਰਿਹਸਲ ਮੌਕੇ ਸੱਭਿਆਚਾਰਕ ਅਤੇ ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਦੀ ਚੋਣ ਕਰਨ ਵਾਲੀ ਕਮੇਟੀ ਵੱਲੋਂ ਲਗਭਗ 8 ਆਈਟਮਾ ਦੀ ਚੋਣ ਕੀਤੀ ਗਈ। ਪਰੇਡ, ਮਾਰਚ ਪਾਸਟ, ਪੀ.ਟੀ.ਸ਼ੋਅ, ਰਾਸ਼ਟਰੀ ਗੀਤ, ਦੇਸ਼ ਭਗਤੀ ਅਤੇ ਸੱਭਿਆਚਾਰਕ ਆਈਟਮਾ ਦੀ ਪਹਿਲੀ ਰਿਹਸਲ ਕੀਤੀ ਗਈ। ਅੱਜ ਵਿਦਿਆਰਥੀਆਂ ਵਿਚ ਇਸ ਸਮਾਰੋਹ ਨੂੰ ਲੈ ਕੇ ਭਾਰੀ ਉਤਸ਼ਾਹ ਸੀ। 15 ਅਗਸਤ ਨੂੰ ਅਜਾਦੀ ਦਿਹਾੜੇ ਦੇ ਸਮਾਗਮ ਹੋਣਗੇ। ਇਨ੍ਹਾਂ ਤਿਆਰੀਆਂ ਦਾ ਅੱਜ ਜਾਇਜਾ ਲਿਆ ਗਿਆ ਹੈ। ਦੇਸ਼ ਭਗਤੀ ਦੀਆਂ ਪੇਸ਼ਕਾਰੀਆਂ ਨੂੰ ਤਰਜੀਹ ਦਿੱਤੀ ਗਈ ਹੈ। ਤਹਿਸੀਲਦਾਰ ਬਾਦਲ ਦੀਨ ਨੇ ਵੱਧ ਤੋ ਵੱਧ ਵਿਦਿਆਰਥੀਆ ਨੂੰ ਸਾਮਲ ਹੋਣ ਦਾ ਸੱਦਾ ਦਿੱਤਾ ਹੈ। ਪ੍ਰਿੰ.ਸੁਖਪਾਲ ਕੌਰ ਵਾਲੀਆਂ ਨੇ ਕਿਹਾ ਕਿ ਇਸ ਵਾਰ ਇਹ ਸਮਾਰੋਹ ਬਹੁਤ ਹੀ ਉਤਸ਼ਾਹ ਨਾਲ ਮਨਾ ਰਹੇ ਹਾਂ। ਮੰਚ ਸੰਚਾਲਨ ਦੀ ਭੂਮਿਕਾ ਰਣਜੀਤ ਸਿੰਘ ਐਨ.ਸੀ.ਸੀ.ਅਫਸਰ ਨੇ ਨਿਭਾਈ। ਇਸ ਮੌਕੇ ਅਜੇ ਬੈਂਸ, ਬਲਜਿੰਦਰ ਸਿੰਘ, ਸਤੀਸ਼ ਕੁਮਾਰ, ਸੀਮਾ ਜੱਸਲ, ਦੀਦਾਰ ਸਿੰਘ, ਗੁਰਦੀਪ ਕੌਰ, ਸੰਦੀਪ ਕੁਮਾਰ, ਸਰਬਜੀਤ ਸਿੰਘ, ਅਸ਼ੋਕ ਰਾਣਾ, ਇਕਬਾਲ ਸਿੰਘ, ਸੁਮਨ ਚੰਦੇਲ ਹਾਜ਼ਰ ਸਨ।

# ਸਾਡਾ ਮਸਲਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ : ਫਾਰਗ ਵਲੰਟੀਅਰ ਟੀਚਰ ਯੂਨੀਅਨ



- ਫਾਰਗ ਵਲੰਟੀਅਰ ਟੀਚਰ ਯੂਨੀਅਨ ਦੀ ਹੋਈ ਵਿਸ਼ੇਸ਼ ਮੀਟਿੰਗ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਸਾਨੂੰ ਉਮੀਦ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿਚ ਸਾਡਾ ਮਸਲਾ ਜਰੂਰ ਹੱਲ ਹੋਵੇਗਾ। ਇਸ ਗੱਲ ਦਾ ਪ੍ਰਗਟਾਵਾ ਫਾਰਗ ਵਲੰਟੀਅਰ ਟੀਚਰ ਯੂਨੀਅਨ ਵਲੋਂ ਕੀਤਾ ਗਿਆ। ਸਥਾਨਕ ਚੀਮਾ ਪਾਰਕ ਵਿਖੇ ਇਸ ਸਬੰਧੀ ਹੋਈ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਯੂਨੀਅਨ ਦੀ ਪ੍ਰਧਾਨ ਦਸਮੇਸ਼ ਕੌਰ ਨੇ ਦੱਸਿਆ ਕਿ ਮੀਟਿੰਗ ਵਿਚ ਸਰਕਾਰ ਵਲੋਂ ਫਾਰਗ ਕੀਤੇ ਅਧਿਆਪਕਾਂ ਨੂੰ ਦੁਬਾਰਾਂ ਸਿਖਿਆ ਵਿਭਾਗ ਵਿਚ ਸ਼ਾਮਿਲ ਕਰਨ ਸੰਬੰਧੀ ਗਲਬਾਤ ਕੀਤੀ ਗਈ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਵਲੋਂ ਇਹ ਮਾਮਲਾ ਲਟਕਾ ਕੇ ਰਖਿਆ ਗਿਆ ਸੀ ਪ੍ਰੰਤੂ ਇਹਨਾਂ ਦੇ ਨਾਲ ਦੇ ਅਧਿਆਪਕਾਂ ਨੂੰ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪੱਕਾ ਕਰ ਦਿੱਤਾ ਹੈ। ਇਸ ਮੌਕੇ ਸਿਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਅਪੀਲ ਕੀਤੀ ਗਈ ਕਿ ਅਸੀਂ ਉਨ੍ਹਾਂ ਦੇ ਹਲਕੇ ਦੇ ਹਾਂ ਤੇ ਸਾਡਾ ਮਸਲਾ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇ। ਇਸ ਮੋਕੇ ਧਰਮਪਾਲ, ਰਣਜੀਤ ਕੌਰ,ਗੁਰਪ੍ਰੀਤ ਕੌਰ, ਅਨੀਤਾ ਰਾਣੀ, ਕੁਲਦੀਪ ਕੌਰ, ਸੁਮਨ, ਜਸਵਿੰਦਰ ਕੌਰ, ਸੁਖਦੀਪ ਕੌਰ, ਰਮੇਸ਼ ਕੁਮਾਰ, ਜੁਝਾਰ ਸਿੰਘ, ਮਮਤਾ, ਕਮਲੇਸ਼ ਰਾਣੀ, ਸੁਖਵਿੰਦਰ ਕੌਰ, ਹਰਵਿੰਦਰ ਕੌਰ, ਸੁਖਵਿੰਦਰ ਸਿੰਘ, ਕਮਲਜੀਤ ਕੌਰ, ਜਸਵਿੰਦਰ ਸਿੰਘ ਕਾਹਲੋਂ, ਸੁਰਜੀਤ ਕੌਰ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸੰਸਦ ਮੈਂਬਰ ਸੁਸ਼ੀਲ ਰਿੰਕੂ ਵਲੋਂ ਲੋਕਤੰਤਰੀ ਢਾਂਚੇ ਨੂੰ ਬਚਾਉਣ ਲਈ ਇਕਜੁੱਟ ਹੋਣ ਦਾ ਸੱਦਾ

**• ਜਲੰਧਰ**




ਸੰਸਦ ਦੇ ਬਾਹਰ ਧਰਨੇ ’ਤੇ ਬੈਠੇ ਜਲੰਧਰ ਤੋਂ ਲੋਕ ਸਭਾ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਲੋਕਾਂ ਨੂੰ ਲੋਕਤੰਤਰੀ ਢਾਂਚੇ ਨੂੰ ਬਚਾਉਣ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਸ੍ਰੀ ਰਿੰਕੂ ਨੇ ਕਿਹਾ ਕਿ ਅੱਜ ਦੇ ਦਿਨ ਦੇਸ਼ ਦੀ ਆਜ਼ਾਦੀ ਦੇ ਮਹਾਨ ਆਗੂ ਮਹਾਤਮਾ ਗਾਂਧੀ ਜੀ ਵਲੋਂ 81 ਸਾਲ ਪਹਿਲਾਂ ਭਾਰਤ ਛੱਡੋ ਅੰਦੋਲਨ ਦੀ ਸ਼ੁਰੂਆਤ ਕੀਤੀ ਗਈ ਸੀ ਅਤੇ ਅੰਗਰੇਜ਼ਾਂ ਨੂੰ ਭਾਰਤ ਛੱਡਣ ਲਈ ਮਜ਼ਬੂਰ ਹੋਣਾ ਪਿਆ ਸੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਮਹਾਤਮਾ ਗਾਂਧੀ ਅਤੇ ਡਾ.ਬੀ.ਆਰ.ਅੰਬੇਦਕਰ ਦੀ ਵਿਚਾਰਧਾਰਾ ’ਤੇ ਚੱਲਦਿਆਂ ਦੇਸ਼ ਦੇ ਸੰਘੀ ਢਾਂਚੇ ਨੂੰ ਬਚਾਉਣ ਅਤੇ ਮਜ਼ਬੂਤ ਕਰਨ ਲਈ ਲਾਮਬੰਦ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵਲੋਂ ਦੇਸ਼ ਵਿੱਚ ਕਾਰਪੋਰੇਟ ਘਰਾਣਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੀ ਬਹਿਤਰੀ ਲਈ ਹਰ ਤਰ੍ਹਾਂ ਦੀਆਂ ਪਾਲਿਸੀਆਂ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੇਸ਼ ਦੇ ਸਾਰੇ ਵਪਾਰਿਕ ਢਾਂਚੇ ਉਤੇ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ ਤਾਂ ਜੋ ਦੇਸ਼ ਦਾ ਛੋਟਾ ਵਪਾਰੀ ਪੂਰੀ ਤਰ੍ਹਾਂ ਖ਼ਤਮ ਹੋ ਜਾਵੇ। ਉਨ੍ਹਾਂ ਕਿਹਾ ਕਿ ਇਸ ਨਾਲ ਦੇਸ਼ ਵਿਚ ਲੋਕਾਂ ਨੂੰ ਰੋਜ਼ਗਾਰ ਮਿਲਣਾ ਬਹੁਤ ਮੁਸ਼ਕਿਲ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਦੇਸ਼ ਵਿੱਚ ਲੋਕਤੰਤਰੀ ਪ੍ਰਕਿਰਿਆ ਨੂੰ ਬਰਕਰਾਰ ਰੱਖਣ ਲਈ ਕੇਂਦਰ ਸਰਕਾਰ ਨੂੰ ਚੱਲਦਾ ਕਰਨਾ ਬਹੁਤ ਜਰੂਰੀ ਹੈ ਉਨ੍ਹਾਂ ਕਿਹਾ ਕਿ ਸਾਲ 2024 ਵਿੱਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਬਹੁਤ ਅਹਿਮ ਹਨ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਦੇਸ਼ ਵਿਚ ਸੰਘੀ ਢਾਂਚੇ ਅਤੇ ਲੋਕਤੰਤਰ ਨੂੰ ਬਚਾਉਣ ਲਈ ਚੋਣਾਂ ਦੌਰਾਨ ਸਰਕਾਰ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਵੇ।

St. Soldier
GROUP OF INSTITUTIONS
EDUCATIONAL 64 YEARS EXCELLENCE
SINCE 1958
MORE THAN • 56 Colleges & Schools • 200 Merit Positions • 125 Companies For Placements • 75 Academic Courses • 2000 Placements In 2022 - 2023 • 42000 Students From All Over India
CANADIAN PATHWAY PROGRAMS
FREE BUS SERVICE FOR ALL COLLEGE STUDENTS FOR ALL ROUTES
ENGINEERING (B.Tech - M.Tech*)
• Mechanical Engg.* • Electrical Engg. • Civil Engg. • Computer Science Engg.* • Tool Engg. • B.Voc Hardware and Networking • Electronics & Comm. Engg. • Automobile Engg.
HOTEL MANAGEMENT
• B.Sc (H&HA) Hospitality and Hotel Administration • BHMCT Hotel Management & Catering Technology • BTTM Tourism and Travel Management • MHMCT Masters in Hotel Management and Catering Technology • One Year Courses (Food Production, Bakery, F&B Services, Front Office)
MANAGEMENT & COMMERCE
• MBA • BBA • B.Sc. (Cyber Security) • M.Com.(Prof.) • BCom. (Reg/Prof.)
DEGREE COURSES
• BA • B.Com. • BBA • D.C.A. • PGDCA • BCA / B.Sc. (IT)
PARAMEDICAL COURSES
• M.Pharmacy • B.Pharmacy • B. Sc. MLS • D.Pharmacy • Diploma in MLT • M.Sc MLS • Bachelor of Physiotherapy • MSC (Medical Microbiology, Biochemistry) • BSC Medical Technology - Anesthesia & Operation Theater* • BSC Operation Theater Technology* • BSC Radiology and Imaging Technology*
POLYTECHNIC DIPLOMA
IN JALANDHAR & CHABBEWAL HOSHIARPUR
• Tool & Die Making • Electronics & Comm. Engg. • Civil Engg. • Mechanical, Electrical, Computer Engg. • Automobile Engg. • Mechatronics Diploma in Polytechnic • Diploma in Architectural Assistance Ship
MEDIA & FASHION
• B.Sc. Fashion Technology • B.Sc. Mass Comm. & Journalism • B.Sc. Multimedia
INFORMATION TECHNOLOGY
• MCA • BCA • BSc.IT • PGDCA • DCA
LAW
• BA.LLB. • B.COM. LLB • BBA.LLB. • LLB • PG DIPLOMA IN CYBER LAW
TEACHER / PHYSICAL EDUCATION
• BPES • B.Ed. • D.El.Ed. • B.P.Ed. • D.P.Ed
NURSING TRAINING
• General Nursing & Midwifery (GNM)
ARCHITECTURE
• B. Architecture
INDUSTRIAL TRAINING INSTITUTE
• Electrician • COPA • Welder • Carpenter • Plumber • Vehicle Motor Mechanic • Architecture Draftsman • Diesel Mechanic • Refrigeration & AC
/stsoldiergroup
www.stsoldiergroup.com
LATERAL ENTRY ADMISSION INTO SECOND YEAR AVAILABLE
Now ANIMATION & SOCIAL MEDIA Courses Available
CORP. OFFICE : 680-L MODEL TOWN, JALANDHAR.
M: 9814003681 | 9814003652 | 9814345025 | 9914464565

# 15 ਅਗਸਤ, ਸ਼ਹੀਦ ਕਰਨੈਲ ਸਿੰਘ ਈਸੜੂ ਦੇ ਸ਼ਹੀਦੀ ਦਿਹਾੜੇ ਮੌਕੇ ਪਿੰਡ ਈਸੜੂ 'ਚ ਰਾਜ ਪੱਧਰੀ ਸਮਾਗਮ



• ਲੁਧਿਆਣਾ/(ਸੁਖਚੈਨ ਮਹਿਰਾ, ਵਰਿੰਦਰ ਪ੍ਰਕਾਸ਼ ਭਾਂਬਰੀ

ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ. ਤਰੁਨਪ੍ਰੀਤ ਸਿੰਘ ਸੌਂਦ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੋਆ ਦੀ ਅਜ਼ਾਦੀ ਦੇ ਮਹਾਨ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੇ ਸ਼ਹੀਦੀ ਦਿਵਸ ਮੌਕੇ 15 ਅਗਸਤ ਨੂੰ ਪੰਜਾਬ ਸਰਕਾਰ ਵੱਲੋਂ ਪਿੰਡ ਈਸੜੂ ਤਹਿਸੀਲ ਖੰਨਾ ਜ਼ਿਲ੍ਹਾ ਲੁਧਿਆਣਾ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਜਾ ਰਿਹਾ ਹੈ। ਇਸ ਰਾਜ ਪੱਧਰੀ ਸਮਾਗਮ ਮੌਕੇ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਗਵਾਉਣਗੇ। ਇਸ ਮੌਕੇ ਉਨ੍ਹਾਂ ਨਾਲ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ, ਵਿਧਾਇਕਾਂ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਵੀ ਸ਼ਹੀਦ ਨੂੰ ਸਰਧਾਂਜਲੀਆਂ ਭੇਟ ਕਰਨਗੀਆਂ। ਵਿਧਾਇਕ ਸੌਂਦ ਵਲੋਂ ਸਪੱਸ਼ਟ ਕੀਤਾ ਗਿਆ ਮੁੱਖ ਮੰਤਰੀ ਸ. ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸ਼ਹੀਦੀ ਸਮਾਗਮ ਨੂੰ ਬੜੇ ਹੀ ਸਾਦੇ ਢੰਗ ਨਾਲ ਮਨਾਇਆ ਜਾਣਾ ਹੈ ਅਤੇ ਆਮ ਲੋਕਾਂ ਵਲੋਂ ਟੈਕਸ ਦੇ ਰੂਪ ਵਿੱਚ ਦਿੱਤੇ ਪੈਸੇ ਨੂੰ ਮਿਆਰੀ ਸਿੱਖਿਆ ਅਤੇ ਹੋਰ ਸਾਰਥਕ ਕੰਮਾਂ 'ਤੇ ਖਰਚ ਕੀਤਾ ਜਾਵੇਗਾ ਅਤੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਰੈਲੀ ਨਹੀਂ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਪੰਜਾਬ ਸੂਬਾ ਹੜ੍ਹਾ ਦੀ ਮਾਰ ਨਾਲ ਜੂਝ ਰਿਹਾ ਹੈ ਅਤੇ ਜਲਦ ਹੀ ਇਸ ਤੋਂ ਪਾਰ ਪਾ ਲਿਆ ਜਾਵੇਗਾ।

**■ ਸਮਾਗਮ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਸੁਰਭੀ ਮਲਿਕ ਵਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਸੌਂਪੀ ਜਿੰਮੇਵਾਰੀ**

ਇਸ ਰਾਜ ਪੱਧਰੀ ਸਮਾਗਮ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀਮਤੀ ਸੁਰਭੀ ਮਲਿਕ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਖੰਨਾ ਸ. ਪਰਮਵੀਰ ਸਿੰਘ ਅਤੇ ਐਸ.ਐਸ.ਪੀ. ਖੰਨਾ ਅਮਨੀਤ ਕੌਂਡਲ ਨੇ ਪਿੰਡ ਈਸੜੂ ਵਿਖੇ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਰਾਜ ਪੱਧਰੀ ਸਮਾਗਮ ਨੂੰ ਸਫਲ ਬਣਾਉਣ ਲਈ ਪੁਖਤਾ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਜਾਰੀ ਕੀਤੇ।

ਡਿਪਟੀ ਕਮਿਸ਼ਨਰ ਸ੍ਰੀਮਤੀ ਮਲਿਕ ਨੇ ਇਸ ਮੌਕੇ ਕਿਹਾ ਕਿ ਰਾਜ ਪੱਧਰੀ ਸਮਾਗਮ ਦੇ ਆਯੋਜਨ ਲਈ ਪਿੰਡ ਈਸੜੂ ਵਿਖੇ ਸ਼ਮੂਲੀਅਤ ਕਰਨ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ ਤੇ ਗਰਮੀ ਦੇ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਹੋਰ ਪੁਖ਼ਤਾ ਪ੍ਰਬੰਧ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸ਼ਹੀਦ ਕਰਨੈਲ ਸਿੰਘ ਜੀ ਦੇ ਆਦਮਕੱਦ ਬੁੱਤ ਅਤੇ ਸਮਾਰਕ ਦੀ ਦਿੱਖ ਸਵਾਰਨ ਅਤੇ ਰੰਗ ਰੋਗਨ ਲਈ ਵੀ ਡਿਊਟੀਆਂ ਲਗਾਈਆਂ ਗਈਆਂ ਹਨ।

# ਏਕਮਪ੍ਰੀਤ ਸਿੰਘ ਨੇ ਅੰਡਰ-11 ਇੰਟਰ ਸਕੂਲ ਪੈਡਲ ਸਲੈਸ਼ ਟੇਬਲ ਟੈਨਿਸ ਟੂਰਨਾਮੈਂਟ ਜਿੱਤਿਆ

• ਮੋਹਾਲੀ

ਗਿਲਕੋ ਇੰਟਰਨੈਸ਼ਨਲ ਸਕੂਲ ਵਿੱਚ ਅੱਜ ਹੋਏ ਇੰਟਰ ਸਕੂਲ ਪੈਡਲ ਸਲੈਸ਼ ਟੇਬਲ ਟੈਨਿਸ ਟੂਰਨਾਮੈਂਟ 2023 ਦੌਰਾਨ ਗਿਲਕੋ ਇੰਟਰਨੈਸ਼ਨਲ ਸਕੂਲ ਦੇ ਏਕਮਪ੍ਰੀਤ ਸਿੰਘ ਨੇ ਅੰਡਰ-11 ਲੜਕਿਆਂ ਦੇ ਵਰਗ ਵਿੱਚ ਜਿੱਤ ਹਾਸਲ ਕੀਤੀ। ਲੜਕੀਆਂ ਦੇ ਵਰਗ ਵਿੱਚ ਲਰਨਿੰਗ ਪਾਥ ਸਕੂਲ ਦੀ ਮਹਿਗੀਨ ਜੇਤੂ ਰਹੀ। ਲੜਕਿਆਂ ਅਤੇ ਲੜਕੀਆਂ ਦੇ ਵਰਗ ਵਿੱਚ ਲਰਨਿੰਗ ਪਾਥ ਸਕੂਲ ਦੇ ਨਮਨ ਬਸਰਾ ਅਤੇ ਗਿਲਕੋ ਇੰਟਰਨੈਸ਼ਨਲ ਸਕੂਲ ਦੀ ਕਸ਼ਵੀ ਨੇ ਕ੍ਰਮਵਾਰ ਦੂਸਰਾ ਸਥਾਨ ਪ੍ਰਾਪਤ ਕੀਤਾ ਜਦਕਿ ਲਰਨਿੰਗ ਪਾਥ ਸਕੂਲ ਦੇ ਆਰਵ ਗਰਗ ਅਤੇ ਮਾਨਵ ਮੰਗਲ ਸਮਾਰਟ ਸਕੂਲ ਦੇ ਰਿਆਨ ਮਾਨ ਸਿੰਘ ਅਤੇ ਲਰਨਿੰਗ ਪਾਥ ਸਕੂਲ ਦੀ ਸਾਤਾਕਸ਼ੀ ਅਤੇ ਸ਼ਰਮੀਲਾ ਨੇ ਕ੍ਰਮਵਾਰ ਲੜਕੇ ਅਤੇ ਲੜਕੀਆਂ ਦੇ ਵਰਗ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ।

ਅੰਡਰ-14 ਵਰਗ ਵਿੱਚ ਗਿਲਕੋ ਇੰਟਰਨੈਸ਼ਨਲ ਸਕੂਲ ਦੇ ਮਹਿਤਾਬ ਧਨੋਆ ਨੇ ਲੜਕਿਆਂ ਦੀ ਟਰਾਫੀ ਜਿੱਤੀ ਜਦਕਿ ਮਾਨਵ ਮੰਗਲ ਸਮਾਰਟ ਸਕੂਲ ਦੀ ਗਾਭਿਆ ਧਵਨ ਨੇ ਲੜਕੀਆਂ ਦੀ ਟਰਾਫੀ ਜਿੱਤੀ। ਲੜਕਿਆਂ ਦੇ ਵਰਗ ਵਿੱਚ ਮਾਨਵ ਮੰਗਲ ਸਮਾਰਟ ਸਕੂਲ ਦੇ ਪ੍ਰਿਥਵੀ ਮਾਨ ਸਿੰਘ ਨੇ ਦੂਜਾ ਅਤੇ ਲਰਨਿੰਗ ਪਾਥ ਸਕੂਲ ਦੇ ਅਕਾਲਰੂਪ ਨੇ ਲੜਕੀਆਂ ਦੇ ਵਰਗ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।

ਲੜਕਿਆਂ ਵਿੱਚੋਂ ਤੀਜਾ ਸਥਾਨ ਮਾਨਵ ਮੰਗਲ ਸਮਾਰਟ ਸਕੂਲ ਦੇ ਤੁਸ਼ਨ ਅਤੇ ਆਰੀਅਨ ਸੈਣੀ ਅਤੇ ਲੜਕੀਆਂ ਵਿੱਚੋਂ ਗਿਲਕੋ ਇੰਟਰਨੈਸ਼ਨਲ ਸਕੂਲ ਦੀ ਨਵਿਆ ਅਤੇ ਲਰਨਿੰਗ ਪਾਥ ਸਕੂਲ ਦੀ ਨੰਦਿਨੀ ਨੇ ਪ੍ਰਾਪਤ ਕੀਤਾ।

ਅੰਡਰ-17 ਵਰਗ ਵਿੱਚ ਲੜਕਿਆਂ ਦੀ ਟਰਾਫੀ ਗਿਲਕੋ ਇੰਟਰਨੈਸ਼ਨਲ ਸਕੂਲ ਦੇ ਪ੍ਰਭਨੂਰ ਸਿੰਘ ਨੇ ਅਤੇ ਲੜਕੀਆਂ ਦੀ ਟਰਾਫੀ ਲਰਨਿੰਗ ਪਾਥ ਸਕੂਲ ਦੀ ਹਰਮਰ ਨੇ ਜਿੱਤੀ। ਲੜਕਿਆਂ ਵਿੱਚ ਮਾਨਵ ਮੰਗਲ ਸਮਾਰਟ ਸਕੂਲ ਦੇ ਈਸ਼ਾਨ ਵਸ਼ਿਸ਼ਟ ਅਤੇ ਲੜਕੀਆਂ ਵਿੱਚ ਲਰਨਿੰਗ ਪਾਥ ਸਕੂਲ ਦੀ ਕਾਮਿਆ ਸ਼ਰਮਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।


ਲੜਕਿਆਂ ਵਿੱਚ ਲਰਨਿੰਗ ਪਾਥ ਸਕੂਲ ਗਿਲਕੋ ਇੰਟਰਨੈਸ਼ਨਲ ਸਕੂਲ ਦੇ ਮਹਿਤਾਬ ਅਤੇ ਆਰਵ ਜੈਨ ਅਤੇ ਲੜਕੀਆਂ ਵਿੱਚ ਗਿਲਕੋ ਇੰਟਰਨੈਸ਼ਨਲ ਸਕੂਲ ਦੀ ਨਵਿਆ ਅਤੇ ਪ੍ਰਗਿਆ ਸਿੰਘ ਨੇ ਤੀਜਾ ਸਥਾਨ ਹਾਸਲ ਕੀਤਾ।

ਗਿਲਕੋ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਰੁਚੀ ਸ਼ਰਮਾ ਨੇ ਜੇਤੂਆਂ ਨੂੰ ਉਨ੍ਹਾਂ ਦੇ ਬੇਮਿਸਾਲ ਪ੍ਰਦਰਸ਼ਨ ਲਈ ਅਤੇ ਆਪਣੇ ਅਤੇ ਆਪਣੇ ਸਕੂਲ ਦਾ ਨਾਂ ਰੌਸ਼ਨ ਕਰਨ ਲਈ ਵਧਾਈ ਦਿੱਤੀ।



# ਆਪਣਾ ਭਵਿੱਖ ਬਣਾਓ ਜਿਥੇ ਰਹਿੰਦ-ਖੂੰਹਦ ਨੂੰ ਘੱਟ ਤੋਂ ਘੱਟ ਕੀਤਾ ਜਾਂਦਾ ਹੈ ਅਤੇ ਸਾਡਾ ਵਾਤਾਵਰਣ ਵਧਦਾ-ਫੁੱਲਦਾ ਹੈ

**ਇੱਕ** ਅਜਿਹੀ ਦੁਨੀਆਂ ਵਿੱਚ ਜੋ ਸੁਵਿਧਾ ਨਾਲ ਵਧਦੀ ਹੈ, ਸਾਡੇ ਜਸ਼ਨ ਅਤੇ ਸਮਾਗਮ ਅਕਸਰ ਡਿਸਪੋਸੇਜਲ ਪਲਾਸਟਿਕ ਵਿੱਚ ਲਪੇਟ ਕੇ ਆਉਂਦੇ ਹਨ, ਵਾਤਾਵਰਣ ਦੇ ਪ੍ਰਭਾਵਾਂ ਦਾ ਇੱਕ ਮਾਰਗ ਛੱਡਦੇ ਹਨ। ਹਾਲਾਂਕਿ, ਰਹਿੰਦ-ਖੂੰਹਦ ਦੇ ਖੰਭੇ - ਰਹਿੰਦ-ਖੂੰਹਦ ਪ੍ਰਬੰਧਨ ਦੀ ਪਰਿਵਰਤਨਸ਼ੀਲ ਸ਼ਕਤੀ ਦੁਆਰਾ ਉਮੀਦ ਦੀ ਇੱਕ ਕਿਰਨ ਚਮਕਦੀ ਹੈ। ਰਹਿੰਦ-ਖੂੰਹਦ ਨੂੰ ਸਾਵਧਾਨੀ ਨਾਲ ਵੱਖ ਕਰਨ, ਰੀਸਾਈਕਲਿੰਗ ਅਤੇ ਮੁੜ ਵਰਤੋਂ ਯੋਗ ਵਿਕਲਪਾਂ ਨੂੰ ਅਪਣਾ ਕੇ, ਅਸੀਂ ਅਜਿਹੇ ਭਵਿੱਖ ਨੂੰ ਰੂਪ ਦੇ ਸਕਦੇ ਹਾਂ ਜਿੱਥੇ ਰਹਿੰਦ-ਖੂੰਹਦ ਨੂੰ ਘੱਟ ਕੀਤਾ ਜਾਂਦਾ ਹੈ ਅਤੇ ਸਾਡਾ ਵਾਤਾਵਰਣ ਵਧਦਾ-ਫੁੱਲਦਾ ਹੈ। ਇਹ ਸਮਾਂ ਹੈ ਕਿ ਅਸੀਂ ਇਹ ਪਛਾਣੀਏ ਕਿ ਕੂੜਾ ਸਿਰਫ਼ ਇੱਕ ਬੋਝ ਨਹੀਂ ਹੈ, ਸਗੋਂ ਇੱਕ ਸਾਂਝੀ ਜ਼ਿੰਮੇਵਾਰੀ ਹੈ। ਡਿਸਪੋਜ਼ੇਬਲ ਪਲਾਸਟਿਕ ਕੂੜਾ, ਜਸ਼ਨ ਮਨਾਉਣ ਵਾਲੇ ਇਕੱਠਾਂ ਦਾ ਸਮਾਨਾਰਥੀ, ਸਾਡੇ ਵਾਤਾਵਰਣ ਲਈ ਗੰਭੀਰ ਖਤਰਾ ਪੈਦਾ ਕਰਦਾ ਹੈ। ਲੈਂਡਫਿਲ, ਪਹਿਲਾਂ ਹੀ ਸੀਮਾਂ 'ਤੇ ਫਟ ਰਹੇ ਹਨ, ਗੈਰ-ਵੱਖਰੇ, ਗੈਰ-ਰੀਸਾਈਕਲ ਕਰਨ ਯੋਗ, ਅਤੇ ਗੈਰ-ਬਾਇਓਡੀਗ੍ਰੇਡੇਬਲ ਰਹਿੰਦ-ਖੂੰਹਦ ਦੀ ਆਮਦ ਨੂੰ ਬਰਕਰਾਰ ਨਹੀਂ ਰੱਖ ਸਕਦੇ। ਇੱਕ ਟਿਕਾਊ ਭਵਿੱਖ ਲਈ ਰਾਹ ਨੂੰ ਸੁਚੇਤ ਵਿਕਲਪਾਂ ਨਾਲ ਤਿਆਰ ਕੀਤਾ ਜਾਣਾ ਚਾਹੀਦਾ ਹੈ - ਜਿੱਥੇ ਕੂੜੇ ਨੂੰ ਧਿਆਨ ਨਾਲ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਰੀਸਾਈਕਲ ਕੀਤੇ ਜਾਣ ਵਾਲੇ ਉਤਪਾਦਾਂ ਨੂੰ ਨਵਾਂ ਜੀਵਨ ਮਿਲਦਾ ਹੈ। ਸਾਡੀਆਂ ਅੱਜ ਦੀਆਂ ਕਾਰਵਾਈਆਂ ਇੱਕ ਸਾਫ਼-ਸੁਥਰੇ, ਹਰੇ ਭਰੇ ਕੱਲ੍ਹ ਦੀ ਕੁੰਜੀ ਰੱਖਦੀਆਂ ਹਨ। ਇਸਦੇ ਦਿਲ ਵਿੱਚ, ਸੰਗਠਨ ਦਾ ਉਦੇਸ਼ ਲੈਂਡਫਿਲਜ਼ ਨੂੰ ਅਪ੍ਰਚਲਿਤ ਕਰਨਾ ਹੈ - ਇੱਕ ਦਲੇਰ ਟੀਚਾ ਜੋ ਸਾਡੇ ਗ੍ਰਹਿ ਦੀ ਸੰਭਾਲ ਲਈ ਜ਼ਰੂਰੀ ਹੈ। ਸਫਲਤਾ ਦਾ ਉਨ੍ਹਾਂ ਦਾ ਮਾਰਗ ਸਿੱਖਿਆ ਅਤੇ ਰੁਝੇਵਿਆਂ 'ਤੇ ਨਿਰਭਰ ਕਰਦਾ ਹੈ। ਉਹ ਵਿਅਕਤੀਆਂ, ਸੰਸਥਾਵਾਂ ਅਤੇ ਸੰਸਥਾਵਾਂ ਨੂੰ ਘਰ ਅਤੇ ਕੰਮ ਦੀਆਂ ਥਾਵਾਂ 'ਤੇ ਰਹਿੰਦ-ਖੂੰਹਦ ਨੂੰ ਅਲੱਗ-ਥਲੱਗ ਕਰਨ ਲਈ ਸਸ਼ਕਤ ਕਰਦੇ ਹਨ, ਸਮਾਜ ਵਿੱਚ ਇੱਕ ਤਬਦੀਲੀ ਨੂੰ ਸ਼ੁਰੂ ਕਰਦੇ ਹਨ। ਜਾਗਰੂਕਤਾ ਕਾਰਵਾਈ ਲਈ ਇੱਕ ਉਤਪ੍ਰੇਰਕ ਬਣ ਜਾਂਦੀ ਹੈ, ਰੋਜ਼ਾਨਾ ਨਾਗਰਿਕਾਂ ਨੂੰ ਈਕੋ-ਚੇਤੰਨ ਵਕੀਲਾਂ ਵਿੱਚ ਬਦਲਦੀ ਹੈ। ਉਨ੍ਹਾਂ ਦੇ ਯਤਨ ਸਿਧਾਂਤਕ ਪ੍ਰਵਚਨ ਤੋਂ ਪਰੇ ਜਾਂਦੇ ਹਨ; ਉਹ ਗੱਲ ਕਰਦੇ ਹਨ। ਕੂੜਾ ਇਕੱਠਾ ਕਰਨ ਤੋਂ ਲੈ ਕੇ ਪ੍ਰਭਾਵਸ਼ਾਲੀ ਅਲੱਗ-ਥਲੱਗ, ਪ੍ਰੋਸੈਸਿੰਗ ਅਤੇ ਸੁਰੱਖਿਅਤ ਨਿਪਟਾਰੇ ਤੱਕ, ਇਹ ਸੰਸਥਾ ਕੂੜਾ ਪ੍ਰਬੰਧਨ ਲਈ ਇੱਕ ਮਿਸਾਲ ਕਾਇਮ ਕਰਦੀ ਹੈ। ਉਨ੍ਹਾਂ ਦੀ ਯਾਤਰਾ ਵਿੱਚ ਇੱਕ ਕਮਾਲ ਦਾ ਮੋੜ ਵਿਆਹਾਂ ਅਤੇ ਪਾਰਟੀਆਂ ਨੂੰ ਕੂੜਾ-ਰਹਿਤ ਬਣਾਉਣ ਲਈ ਉਨ੍ਹਾਂ ਦੀ ਵਚਨਬੱਧਤਾ ਹੈ। ਇਹ ਰਹਿੰਦ-ਖੂੰਹਦ ਨੂੰ ਘਟਾਉਣ ਦੇ ਫ਼ਲਸਫ਼ੇ ਨੂੰ ਦਰਸਾਉਂਦਾ ਹੈ ਅਤੇ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਜ਼ਿੰਮੇਵਾਰ ਵਿਅਕਤੀ ਘੱਟੋ-ਘੱਟ ਵਾਤਾਵਰਣਕ ਪਦ-ਪ੍ਰਿੰਟ ਬਣਾਉਂਦੇ ਹਨ।



ਅਜਿਹੀ ਦੁਨੀਆਂ ਵਿੱਚ ਜਿੱਥੇ ਕੂੜਾ ਅਕਸਰ ਗਲੀਆਂ ਅਤੇ ਸੜਕਾਂ ਦੇ ਕਿਨਾਰਿਆਂ ਵਿੱਚ ਕੂੜਾ ਕਰ ਦਿੰਦਾ ਹੈ, ਇੱਕ ਸੱਭਿਆਚਾਰਕ ਤਬਦੀਲੀ ਲੰਬੇ ਸਮੇਂ ਤੋਂ ਬਕਾਇਆ ਹੈ। ਅਧਿਕਾਰੀਆਂ ਨੂੰ ਰਹਿੰਦ-ਖੂੰਹਦ ਪ੍ਰਬੰਧਨ ਦੀ ਇਕੱਲੀ ਜ਼ਿੰਮੇਵਾਰੀ ਸੌਂਪਣਾ ਇਕ ਬਿਰਤਾਂਤ ਹੈ ਜਿਸ ਨੂੰ ਦੁਬਾਰਾ ਲਿਖਣ ਦੀ ਲੋੜ ਹੈ। ਵਿਅਕਤੀਗਤ ਤੌਰ 'ਤੇ, ਅਸੀਂ ਇੱਕ ਸਵੱਛ ਵਾਤਾਵਰਣ ਵਿੱਚ ਯੋਗਦਾਨ ਪਾਉਣ ਲਈ ਇੱਕ ਸਮੂਹਿਕ ਜ਼ਿੰਮੇਵਾਰੀ ਸਾਂਝੀ ਕਰਦੇ ਹਾਂ। ਸਰਕਾਰੀ ਏਜੰਸੀਆਂ ਤਰੱਕੀ ਕਰ ਰਹੀਆਂ ਹਨ, ਪਰ ਸਾਡੀ ਭਾਗੀਦਾਰੀ ਸਥਾਈ ਤਬਦੀਲੀ ਨੂੰ ਪ੍ਰਾਪਤ ਕਰਨ ਲਈ ਮਹੱਤਵਪੂਰਨ ਹੈ। ਪ੍ਰਾਚੀਨ ਵਾਤਾਵਰਣ ਨੂੰ ਕਾਇਮ ਰੱਖਣ ਲਈ ਸਾਨੂੰ ਉਨ੍ਹਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੋਣਾ ਚਾਹੀਦਾ ਹੈ। ਪ੍ਰਭਾਵੀ ਰਹਿੰਦ-ਖੂੰਹਦ ਪ੍ਰਬੰਧਨ ਸਿਰਫ ਨੁਕਸਾਨ ਨੂੰ ਖਤਮ ਕਰਨ ਬਾਰੇ ਨਹੀਂ ਹੈ; ਇਹ ਮੁੱਲ ਬਣਾਉਣ ਬਾਰੇ ਹੈ। ਰਹਿੰਦ-ਖੂੰਹਦ ਨੂੰ ਸਾਵਧਾਨੀ ਨਾਲ ਸੰਭਾਲਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਸਾਡੇ ਵਾਤਾਵਰਣ 'ਤੇ ਮਾੜਾ ਪ੍ਰਭਾਵ ਨਾ ਪਵੇ। ਸਾਡੀ ਊਰਜਾ, ਸਮਾਂ ਅਤੇ ਸੰਸਾਧਨਾਂ ਨੂੰ ਪੂਰੇ ਰਹਿੰਦ-ਖੂੰਹਦ ਦੇ ਚੱਕਰ ਦਾ ਸਮਰਥਨ ਕਰਨ ਲਈ ਨਿਵੇਸ਼ ਕਰਨ ਦੀ ਲੋੜ ਹੁੰਦੀ ਹੈ - ਜਿਸ ਸਮੇਂ ਤੋਂ ਕੋਈ ਵਸਤੂ ਖਰੀਦੀ ਜਾਂਦੀ ਹੈ ਉਸ ਸਮੇਂ ਤੋਂ ਲੈ ਕੇ ਇਸ ਦੇ ਅੰਤਮ ਨਿਪਟਾਰੇ ਤੱਕ। ਹਾਲਾਂਕਿ ਕੂੜੇ ਦੇ ਨਿਪਟਾਰੇ ਦੇ ਅਭਿਆਸਾਂ ਦਾ ਵਿਕਾਸ ਕਰਨਾ ਮੁਸ਼ਕਲ ਲੱਗ ਸਕਦਾ ਹੈ, ਪਰ ਇਹ ਇੱਕ ਟਿਕਾਊ ਸੱਭਿਆਚਾਰ ਪੈਦਾ ਕਰਨ ਲਈ ਜ਼ਰੂਰੀ ਹਨ। ਇਸ ਯਤਨ ਦਾ ਕੇਂਦਰ ਕੂੜਾ-ਕਰਕਟ ਨੂੰ ਵੱਖ ਕਰਨ ਦਾ ਅਭਿਆਸ ਹੈ, ਜੋ ਰੀਸਾਈਕਲਿੰਗ, ਮੁੜ ਵਰਤੋਂ ਅਤੇ ਮੁੜ-ਉਸਾਰੀ ਦੀ ਸੰਭਾਵਨਾ ਨੂੰ ਖੋਲ੍ਹਦਾ ਹੈ।

ਵਿਦਿਅਕ ਸੰਸਥਾਵਾਂ, ਅਕਾਦਮਿਕ ਅਤੇ ਉਦਯੋਗ ਦੇ ਮਾਹਰ ਜਨਤਕ ਧਾਰਨਾਵਾਂ ਨੂੰ ਆਕਾਰ ਦੇਣ ਦੀ ਸ਼ਕਤੀ ਰੱਖਦੇ ਹਨ। ਜੈਵਿਕ ਰਹਿੰਦ-ਖੂੰਹਦ ਨੂੰ ਖਾਦ ਬਣਾਉਣ ਅਤੇ ਰਹਿੰਦ-ਖੂੰਹਦ ਤੋਂ ਊਰਜਾ ਦੀ ਵਰਤੋਂ ਵਰਗੇ ਨਵੀਨਤਾਕਾਰੀ ਹੱਲਾਂ ਦੀ ਵਕਾਲਤ ਕੀਤੀ ਜਾਣੀ ਚਾਹੀਦੀ ਹੈ। ਵਿਕਾਸਸ਼ੀਲ ਦੇਸ਼ਾਂ ਦੀਆਂ ਅਸਲ-ਸੰਸਾਰ ਦੀਆਂ ਉਦਾਹਰਨਾਂ, ਜਿਵੇਂ ਕਿ ਨੀਦਰਲੈਂਡ ਦੁਆਰਾ ਸੜਕ ਨਿਰਮਾਣ ਵਿੱਚ ਪਲਾਸਟਿਕ ਦੇ ਕੂੜੇ ਦੀ ਵਰਤੋਂ, ਵਿਹਾਰਕ ਤਬਦੀਲੀ ਲਈ ਪ੍ਰੇਰਨਾ ਦਾ ਕੰਮ ਕਰਦੀ ਹੈ।

**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ**
**ਮਲੋਟ ਪੰਜਾਬ**

DIPS INSTITUTIONS
DIPS IMT
DIPS INSTITUTE OF MANAGEMENT & TECHNOLOGY
RAMNEEK AVENUE, PATHANKOT BYE PASS
JALANDHAR CITY
www.dipsimt@gmail.com ( dipsimt@gmail.com )
CONTACT : 95010-00697 , 97806-00998

# ਬੰਗਾਲੀ ਕਵਿਤਾ

## ਪਿਆਰ



ਇੰਨਾ ਪਿਆਰ,
ਇੰਨਾ ਪਿਆਰ
ਮੈਨੂੰ ਲੱਗਦਾ ਹੈ
ਕਿ ਮੈਂ ਇਹਨੂੰ ਬਜ਼ਾਰ ਵਿੱਚ ਵੇਚ ਕੇ
ਕਮਾਵਾਂਗਾ ਮੋਟਾ ਮੁਨਾਫ਼ਾ!
ਮੈਂ ਇੱਕ ਪੱਕਾ ਕਾਰੋਬਾਰੀ ਹਾਂ
ਸੁਧਾਰ ਲਵਾਂਗਾ ਆਪਣੀਆਂ ਸਾਰੀਆਂ ਗਲਤੀਆਂ।
ਬਿਜੜੇ ਤੋਂ ਜਿੰਨਾ ਸਿੱਖ ਸਕਿਆ, ਸਿੱਖਾਂਗਾ।
ਇਹ ਬੜਾ ਮੁਨਾਫ਼ੇ ਦਾ ਕਾਰੋਬਾਰ ਹੈ।
ਜ਼ਰਾ ਜਿੰਨੀ ਵੀ ਗਲਤੀ ਨਹੀਂ ਕਰਾਂਗਾ ਮੈਂ
ਕੁਬੇਰ ਨਾਲੋਂ ਵੀ ਵੱਧ ਕੰਜੂਸ ਬਣ ਜਾਵਾਂਗਾ।
ਸੜਕ ਦੇ ਅੰਤ ਵਿੱਚ
ਬਰਸਾਤੀ ਆਕਾਸ਼
ਗਿੱਲੇ ਹੋਣਗੇ ਅਮਲਤਾਸ ਦੇ ਫੁੱਲ
ਮੈਂ ਇਸ ਰੂਪ ਨੂੰ ਵੀ ਪੂੰਜੀ ਬਣਾ ਲਵਾਂਗਾ।
ਲਾਸਾਨੀ ਸੌਦੇ ਸੀਮਾ ਤੇ ਹੋਣਗੇ
ਦੁਖ ਦੇ ਹਨੇਰੇ ਵਿੱਚ ਖੁਸ਼ੀ
ਅਤੇ ਹੋਣਗੇ
ਲਾਪ੍ਰਵਾਹ ਹੱਥਾਂ ਵਿੱਚ
ਮੁਨਾਫ਼ੇ ਦੇ ਹਿੱਸੇ।

# ਮੂਲ : ਪਵਿੱਤਰ ਮੰਡਲ, ਨਿਊ ਟਾਊਨ, ਕੋਲਕਾਤਾ
# ਅਨੁ : ਪ੍ਰੋ. ਨਵ ਸੰਗੀਤ ਸਿੰਘ, ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ-151302 (ਬਠਿੰਡਾ)



# ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਹਰ ਵਿਅਕਤੀ ਵੱਧ ਤੋਂ ਵੱਧ ਬੂਟੇ ਲਗਾਵੇ : ਦਰਸ਼ਨ ਸਿੰਘ

**• ਸ੍ਰੀ ਅਨੰਦਪੁਰ ਸਾਹਿਬ/ਦਵਿੰਦਰਪਾਲ ਸਿੰਘ**

ਪਿੱਪਲ, ਬੋਹੜ ਅਤੇ ਨਿੰਮ ਸਾਡੇ ਵਾਤਾਵਰਣ ਨੂੰ ਸੁੱਧ ਰੱਖਦੇ ਹਨ ਅਤੇ ਸਾਡੇ ਲਈ ਧਾਰਮਿਕ ਪੱਖੋਂ ਵੀ ਇਹ ਬਹੁਤ ਮਹੱਤਵਪੂਰਣ ਹਨ। ਇਹ ਪ੍ਰਗਟਾਵਾ ਦਰਸ਼ਨ ਸਿੰਘ ਬਲਾਕ ਵਿਕਾਸ ਤੇ ਪੰਚਾਇਤ ਅਫਸਰ ਨੂਰਪੁਰ ਬੇਦੀ ਨੇ ਅੱਜ ਲਸਾੜੀ ਤੇ ਪਚਰੰਡਾ ਦੇ ਕਮਿਊਨਿਟੀ ਸੈਂਟਰਾ ਤੇ ਉਨ੍ਹਾਂ ਦੇ ਆਲੇ ਦੁਆਲੇ ਪੌਦੇ ਲਗਾਉਣ ਮੌਕੇ ਕੀਤਾ। ਉਨ੍ਹਾਂ ਨੇ ਕਿਹਾ ਕਿ ਵਾਤਾਵਰਣ ਨੂੰ ਬਚਾਉਣ ਲਈ ਇਹ ਵਿਸੇਸ ਮੁਹਿੰਮ ਚਲਾਈ ਗਈ ਹੈ ਅਤੇ ਸਮੂਹ ਨਾਗਰਿਕਾਂ ਨੂੰ ਇਸ ਮੁਹਿੰਮ ਨਾਲ ਜੁੜ ਕੇ ਵਾਤਾਵਰਣ ਨੂੰ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਹੀ ਅਗਲੀਆਂ ਪੀੜੀਆਂ ਨੂੰ ਸ਼ੁੱਧ ਵਾਤਾਵਰਣ ਮਿਲ ਸਕੇਗਾ। ਉਹਨਾਂ ਹਰ ਘਰ 'ਚ ਇੱਕ ਰੁੱਖ ਲਗਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਹਰ ਵਿਅਕਤੀ ਨੂੰ



ਵੱਧ ਤੋਂ ਵੱਧ ਬੂਟੇ ਲਗਾਉਣੇ ਚਾਹੀਦੇ ਹਨ ਤੇ ਬੂਟੇ ਲਾ ਕੇ ਉਹਨਾਂ ਦੀ ਸੰਭਾਲ ਵੀ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਪੰਜਾਬ ਨੂੰ ਹਰਿਆਲੀ ਦੀ ਬਹੁਤ ਜਰੂਰਤ ਹੈ ਅਤੇ ਅੱਜ ਦੇ ਮੌਸਮ ਵਿੱਚ ਬੂਟੇ ਲਗਾਉਣ ਨਾਲ ਉਨ੍ਹਾਂ ਦੇ ਜਲਦੀ ਹਰੇ ਭਰੇ ਹੋਣ ਦੀਆਂ ਸੰਭਾਵਨਾਵਾ ਵੱਧ ਹੁੰਦੀਆਂ ਹਨ।

# ਕਿਹਦੇ ਹਿੱਸੇ ਮਾਂ ਆਈਏ

ਹੁਣ ਪੁੱਤਰ ਹੋਏ ਜਵਾਨ ਤੇ ,ਮਾਪੇ ਬੁੱਢੇ ਹੋ ਗਏ ਨੇ,
ਖ਼ੂਨ ਦੇ ਰਿਸ਼ਤੇ ਕਿਵੇਂ ਪਾਣੀਓਂ ਪਤਲੇ ਹੋ ਗਏ ਨੇ,
ਫ਼ੋਨ ਉੱਤੇ ਦੁੱਖ ਪੁੱਛਦੀ ਰੋ ਪਈ ਮਾਂ ਨੂੰ ਧੀ,
ਦੱਸ ਕਿਹਦੇ ਹਿੱਸੇ, ਕਿੰਨੀ ਕਿੰਨੀ ਥਾਂ ਆਈਏ?
ਕਿਹਦੇ ਹਿੱਸੇ ਬਾਬਲ ਆਇਆ?
ਅਤੇ ਕਿਹਦੇ ਹਿੱਸੇ ਮਾਂ ਆਈਏ ?
ਦੁੱਖ ਤਾਂ ਲੱਗਿਆ ਹੋਣਾ,ਵੰਡਦੇ ਸਮੇਂ ਭਰਾਵਾਂ ਨੂੰ,
ਬਚਪਨ ਵਾਲ? ਹਾਸੇ, ਨਿੱਕੇ -ਨਿੱਕੇ ਚਾਵਾਂ ਨੂੰ,
ਵਿਹੜੇ ਦੇ ਵਿੱਚ ਰੌਣਕ ਦੀ ਥਾਂ
ਜਦ ਦੀ ਸੁੰਨ ਸਰਾਂ ਛਾਈਏ,
ਕਿਹਦੇ ਹਿੱਸੇ ਬਾਬਲ ਆਇਆ,
ਕਿਹਦੇ ਹਿੱਸੇ ਮਾਂ ਆਈਏ,
ਬਾਘੇ ਵਾਲ?ੀ ਲਕੀਰ ਬਣੀ ਕੰਧ ,ਡਿਉਢੀ ਦੇ ਦਰਵਾਜ਼ੇ ਦੀ,
ਮਿੱਟੀ ਦੇ ਵਿੱਚ ਰੋਲ ਦਿੱਤੀ ਪੱਗ,ਮਿਲ? ਕੇ ਪਿਓ ਤੇ ਦਾਦੇ ਦੀ,
ਰੱਖੜੀ ਵਾਲ? ਧਾਗੇ ਦਾ ਵੀ, ਲੱਗਦਾ ਮਾਣ ਗਵਾ ਆਈਏਂ
ਕਿਹਦੇ ਹਿੱਸੇ ਬਾਬਲ ਆਇਆ?
ਕਿਹਦੇ ਹਿੱਸੇ ਮਾਂ ਆਈਏ?
ਮਾਂ ਔਖ ਸੌਖ ਤੂੰ ਕੱਟ ਕੇ, ਪੁੱਤ ਤੇ ਧੀਆਂ ਪਾਲ? ਰੱਖੇ,
ਪ੍ਰਿੰਸ ਧੀਆਂ ਪੁੱਤਰ ਰਲ? ਕੇ ਵੀ, ਨਾ ਮਾਂ ਸੰਭਾਲ ਸਕੇ,
ਗ਼ਰਜ਼ਾਂ ਦੇ ਹੋ ਗਏ ਨੇ ਰਿਸ਼ਤੇ,
ਖ਼ੌਰੇ ਵਿੱਚ ਕੁੱੜਤਣ ਤਾਂ ਆਈਏ
ਕਿਹਦੇ ਹਿੱਸੇ ਬਾਬਲ ਆਇਆ,
ਕਿਹਦੇ ਹਿੱਸੇ ਮਾਂ ਆਈਏ




ਰਣਬੀਰ ਸਿੰਘ ਪ੍ਰਿੰਸ
(ਸ਼ਾਹਪੁਰ ਕਲਾਂ, ਆਫ਼ਸਰ ਕਾਲੋਨੀ ਸੰਗਰੂਰ
148001, (9872299613)



publisher/chief Editor
Aman Mehra
lok bani (news Paper)
lokbani08@gmail.com
www.lokbani.com
mob:99155-94111

Head Office:
Lokbani Sangam complex,Milap chowk jalandhar
Mob. 99155-94111

ਮਾਲਕ, ਪ੍ਰਕਾਸ਼ਕ, ਪ੍ਰਿੰਟਰ ਤੇ ਸੰਪਾਦਕ ਅਮਨ ਮੇਹਰਾ ਨੇ 'ਲੋਕ ਬਾਣੀ' ਦਾ ਇਹ ਅੰਕ ਰਚਨਾ ਪ੍ਰਿੰਟਰ, ਰੇਲਵੇ ਰੋਡ ਜਲੰਧਰ (ਪੰਜਾਬ) ਤੋਂ ਛਪਵਾ ਕੇ ਦਫਤਰ 'ਲੋਕ ਬਾਣੀ' ਸੰਗਮ ਕੰਪਲੈਕਸ ਮਿਲਾਪ ਚੌਂਕ ਜਲੰਧਰ (ਪੰਜਾਬ) ਤੋਂ ਪ੍ਰਕਾਸ਼ਤ ਕੀਤਾ।
RNI. PUNPUN/29016/2008

मालिक, प्रकाशक, प्रिंटर व संपादक अमन मेहरा ने लोक बाणी का यह अंक रचना प्रिंटर, रेलवे रोड जलंधर ( पंजाब ) से छपवाकर दफ्तर लोक बाणी संगम कंपलेक्स मिलाप चौक जलंधर ( पंजाब ) से प्रकाशित किया।
RNI. PUNPUN/29016/2008

Editor, printers and publisher Aman Mehra, Printed at Rachna printers, Railwy Road Jalandhar (punjab) Office lokbani, Sangam complex Milap Chowk Jalandhar (punjab)
RNI. PUNPUN/29016/2008

